ਭਜਨ

ਸਲੋਚਨਾ

ਕ੍ਰਿਤ

ਪੰਡਿਤ ਜੈਂਤੀਰਾਮ
ਵਾ ਭਗਤ ਰਲਿਆ ਰਾਮ

ਜੋ

ਭਗਤ ਜਨਾਂ ਦੇ ਲਾਭ ਵਾਸਤੇ
ਭਗਤ ਰਲਿਆ ਰਾਮ ਬਜਾਰ ਕਿਲਾ ਭੰਗੀਆਂ
ਸ੍ਰੀ ਅਮ੍ਰਿਤਸਰ ਨੇ ਕੋਸ਼ਿਸ਼ ਨਾਲ
ਸੁੱਧ ਕਰਕੇ ਛਪਵਾਏ !

ਫਰਵਰੀ ੧੯੨੪

ਸਰਦਾਰ ਬੁਧਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਯਤਨ ਦੁਆਰਾ
ਸ੍ਰੀ ਗੁਰੁਮਤ ਪ੍ਰੈਸ ਅਮ੍ਰਿਤਸਰ ਵਿਚ ਛਪੇ ॥

ਪਹਿਲੀ ਵਾਰ ੫੮੦ ਕੀਮਤ)

੧ ਓਸਤਿਗੁਰਪ੍ਰਸਾਦਿ॥

ਅਬ ਸੁਲੋਚਨਾ ਪ੍ਰਸੰਗ ਲਿਖਯਤੇ

ਕ੍ਰਿਤ ਸਤਿਗੁਰ ਜੈਂਤੀ ਰਾਂਮ ਵਾ ਭਗਤ ਰਲਿਆ ਰਾਮ

॥ ਛੰਦ ॥

ਕਹੇ ਸੁਲੋਚਨ ਸਖੀਆਂ ਤਾਂਈਂ ਸੁਨੋ ਬਾਤ ਹਮਰੀਭੈਨਾ॥ ਆਜ ਰਾਤ ਮੁਹਿ ਸੁਪਨਾ ਆਇਆ ਸਬੀ ਕਾਨਦੇ ਸੁਨ ਲੈਨਾ ॥ ਸ੍ਵਾਨ ਸੁਪਨ ਮੇ ਰੋਵਤ ਪਾਏ ਖਰ ਬੋਲੇ ਊਚੇ ਬੈਨਾ ॥ ਲੰਕਾ ਲੂਟ ਲਈ ਰਘਬਰ ਨੇ ਘਰ ਘਰ ਕੇ ਗਏ ਸੁਖ ਚੈਨਾ॥ ਸੀਸ ਮੇਰੇ ਕੀ ਸੜ ਗਈ ਸਾੜ੍ਹੀ ਨਥ ਟੂਟੀ ਗਲਕਾਂ ਗੈਨਾ ॥ ਸਨਮੁਖ ਸਾਸੂ ਆਣਖਲੋਤੀ ਭਰ ਭਰਕੇ ਰੋਵੇ ਨੈਨਾ ॥ ਦੇਹ ਪੜੀ ਦਲ ਮੇ ਭੁਜ ਕਾਟੀ ਸੀਸ ਜੁਦਾ ਧੜ ਪੈ ਹੈਨਾ ॥ ਜੈਂਤੀ ਸੋਚ ਪੜੀ ਇਸ ਕਰਕੇ ਰਲਿਆ ਦੁਖ ਕਿਸਕੋ ਕੈਨਾ ॥ ੧ ॥

॥ ਦੋਹਰਾ ॥

ਸਖੀ ਸਲੋਚਨ ਸੇ ਕਹੇ ਧਰੋ ਧੀਰ ਮਨ ਬੀਰ ॥
ਸੁਪਨੇ ਕੀਂ ਸਤ ਬਾਤ ਨਾ ਕਿਉਂ ਭਰ ਲੈ ਦ੍ਰਿਗ ਨੀਰ॥

॥ ਭਜਨ ॥

ਸੁਪਨਾ ਸਤ ਕਿਨੇ ਬਨਾਇਆ ਰਾਨੀ ਮਨ ਮੇਂ ਕਰੀਂ ਵਿਚਾਰ॥ ਟੇਕ ॥ ਸੁਪਨਾ ਜਾਨੋ ਨਾਮ ਝੂਠ ਕਾ॥ਕਲਰ ਜਲ ਜਿਉਂ ਚੋਰ ਠੂਠਕਾ॥ ਨੀਲ ਮੇ ਹਾਥੀ ਝੂਠ ਮੂਠ

ਕਾ ਡਰਤਾ ਫਿਰੇ ਗਵਾਰ ॥ ਅਖ ਖੁਲੀ ਨਜਰ ਨਹੀ ਆਇਆ ॥ ੧ ॥ ਸੁਪਨਾਃ ॥ ਸਿਪੀ ਮੇ ਰੁਪਾ ਜਬ ਦੇਖਾ ॥ ਲਖ ਚਾਂਦੀ ਪੜ ਗਿਆ ਭੁਲੇਖਾ ॥ ਪਾਸ ਗਏ ਨਿਸਚੇ ਕਰ ਪੇਖਾ ॥ ਹੈ ਝੂਠਾ ਚਮ-ਕਾਰ ॥ ਹਥ ਮਲੇ ਪੁਰਸ਼ ਪਛਤਾਇਆ ॥ ੨ ॥ਸੁਪਨਾਃ॥ ਆਈ ਨੀਂਦ ਕੰਗਲਾ ਇਕ ਸੋਇਆ ॥ ਰਾਜ ਭਾਗ ਸੁਪ ਨੇ ਵਿਚ ਹੋਇਆ ॥ ਖੁਲੀ ਆਂਖ ਨੇਤ੍ਰ ਭਰ ਰੋਇਆ ॥ ਪੈਸੇ ਪਾਸ ਨਾ ਚਾਰ ॥ ਸੁਪਨੇ ਮੈ ਰਾਜ ਕਮਾਇਆ ॥੩॥ ਸੁਪਨਾਃ ॥ ਸੁਪਨੇ ਮੈ ਭਇਆ ਭੂਪ ਭਖਾਰੀ ॥ ਭੰਗੀ ਕੋ ਮਿਲ ਗਈ ਸਰਦਾਰੀ॥ਜੈਂਤੀ ਸਮਜ ਸੋਚ ਕਰ ਪਿ-ਆਰੀ ॥ ਏ ਸੁਪਨੇ ਦੀ ਕਾਰ ॥ ਰਲਿਆ ਮਨ ਮੈਂ ਅਜ-ਮਾਇਆ ॥ ੪ ॥ ਸੁਃ ॥ ੨ ॥

॥ ਦੋਹਰਾ ॥

ਦਾਸੀ ਰਾਨੀ ਝਗੜਤੀ ਕੋਈ ਕੋਈ ਬਚਨ ਬਖਾਨ ॥
ਇਤਨੇ ਮੈ ਕਿਆ ਦੇਖਤੀ ਭੁਜਾ ਭਵਨ ਪੇਈ ਆਨ ॥

॥ ਭਜਨ ॥

ਦੇਖਕੇ ਭੁਜਾ ਭਵਨ ਰਾਨੀ ॥ ਤੁਰਤ ਗਿਰੀ ਗਸ਼ ਖਾਏ ਵਗੇ ਦੋ ਨੈਨੋ ਸੇ ਪਾਨੀ॥ ਟੇਕ ॥ ਲਗੀ ਤਬ ਕਰਨ ਰੁਦਨ ਭਾਰਾ॥ ਮਨ ਮੈ ਕਰੈ ਵਿਚਾਰ ਪਤੀ ਮੇਰਾ ਕਿਸ ਨੇ ਮਾਰਾ॥ਕਰੇ ਊਚੀਹਾਹਾਕਾਰਾ॥ਗਿਆਇੰਦਰਸੇਲੜਨ ਇੰਦ੍ਰਕੋ ਮਾਰ ਮਹੀ ਡਾਰਾ॥ਕਿਸੀਸੇ ਅਬ ਤਕ ਨਾ ਹਾਰਾ॥

ਅਬ ਕਿਆ ਫੇਰ ਪੜਾ ਕਿਸਮਤ ਕਾ ਚਲੈ ਨੈਂਈ ਚਾਰਾ॥ ਟੂਟ ਗਿਆ ਮਸਤਕ ਕਾ ਤਾਰਾ ॥ ਸੋਚਕੇ ਸਾਗਰ ਡੂਬ ਗਈ ਜਿਸਕਾ ਨਾ ਪਾਰ ਵਾਰਾ ਜੀ ॥

॥ ਦੋਹਰਾ ॥

ਹਾਲ ਭੁਜਾ ਕਾ ਜਬ ਸੁਨਾ ਆਈ ਮੰਦੋਦਰ ਪਾਸ ॥
ਧਰੋ ਧੀਰ ਬੇਟੀ ਜਰਾ ਕਿਉਂ ਹੋ ਗਈ ਉਦਾਸ ॥
ਨਾਸ ਨਾ ਪਤੀ ਹੂਆ ਜਾਨੀ ॥ ੧ ॥ ਦੇਖਕੇ ਭੁਜਾ ਭਵਨ ਰਾਨੀਃ ॥ ਪੀਆ ਹੈ ਤੇਰਾ ਬਲ਼ ਕਾਰੀ ॥ ਜਿਸਕੇ ਭੈ ਕ਼ੇ ਮਾਰੇ ਕਾਂਪਤੇ ਪੁਰਸ਼ ਸਬੀ ਨਾਰੀ ॥ ਅੜੇ ਕੋਈ ਨਾ ਸਨ ਮੁਖ ਪਿਆਰੀ । ਸਮਝ ਸੋਚ ਘਰ ਬੈਠ ਗਈ ਕਿਉਂ ਤੇਰੀ ਮਤ ਮਾਰੀ ॥ ਹਸੇ ਗੀ ਸੁਣ ਪੂਜਾ ਸਾਰੀ ॥ ਮੇਰਾ ਸੁਤ ਨਾ ਮਰੇ ਡਰੇ ਉਸ ਤੋਂ ਖਲ ਬ੍ਰੰਮ ਚਾਰੀ ॥ ਦੇਵ ਅਰ ਦੈਤ ਹੂਏ ਆਰੀ ॥ ਕਿਉਂ ਤੂ ਕਰੇਂ ਕਲੇਸ਼ ਲਾਖ ਮੈ ਮਿਨਤਾਂ ਕਰ ਹਾਰੀ ਜੀ ॥

॥ ਦੋਹਰਾ ॥

ਬਹੂ ਬਚਨ ਕੈਣੇ ਲਗੀ ਸੁਣ ਸਾਸੂ ਮੇਰੀ ਬਾਤ ॥
ਗੁਸਤਾਨੇ ਕੋ ਦੇਖ ਕੇ ਤਬੀ ਕਾਂਪਤਾ ਗਾਤ ॥ ਮਾਤ ਹੋ ਗਈ ਮੇਰੀ ਜਵਾਨੀ ॥ ੨ ॥ ਦੇਖ ਕੇ ਭੁਜਾ ਭਵਨ ਰਾਨੀ ਃ ॥ ਸਲੋਚਨ ਫਿਰ ਬੋਲੀ ਬੈਨਾਤੂ ਦਾਸੀ ਜਾ ਦੌੜ ਬੇਗ ਲਿਆ ਕਲਮਦਾਨ ਭੈਨਾ ॥ ਮਾਨ ਗੋਲੀ ਹਮਰਾ ਕੈਨਾ ॥ ਲਿਖਾ ਭਾਲ ਜੋ ਭਾਗ ਵਿਧਾਤਾ ਸੋ ਹਮ

ਨੇ ਲੈਨਾ ॥ ਕਿਸੀ ਸਿਰ ਦੋਸ ਜਰਾ ਹੈ ਨਾ ॥ ਲਿਖੇ
ਲੜਾਈ ਭੁਜਾ ਹਾਥ ਸੇ ਤਬ ਆਵੇ ਚੈਨਾ ॥ ਤਜੂੰ ਗੀ
ਫਿਰ ਤਨ ਕਾ ਗੈਨਾ ॥ ਸਤੀ ਹੋਵਾਂਗੀ ਸਾਥ ਪਤੀ ਕੇ
ਨਈ ਲੰਕ ਰੈਨਾ ਜੀ ॥

॥ ਦੋਹਰਾ ॥

ਪੰਜੇ ਮੇਂ ਪਗੜਾ ਕਲਮ ਕਹੇ ਸਲੋਚਨ ਨਾਰ ॥
ਸੱਤ ਸੱਤ ਲਿਖਨਾ ਭੁਜਾ ਤਬ ਆਵੇ ਅਤਬਾਰ ॥
ਮਾਰ ਦਈ ਕਿਸਨੇ ਤਨ ਕਾਨੀ ॥ ੩ ॥ ਦੇਖ ਕੇ ਭੁਜਾਃ ॥
ਭੁਜਾ ਸੇ ਫਿਰ ਕੈ ਸਮਝਾਕੇ ॥ ਦੀਨ ਬਚਨ ਬੋਲੀ ਮੁਖ
ਸੇ ਗਲਮੇ ਪਲਾ ਪਾਕੇ॥ ਹਾਲ ਸਬ ਲਿਖਨਾ ਕਰ ਚਾਕੇ॥
ਬਾਨ ਬਦਨ ਕਿਸ ਝੋਕ ਦੀਆ ਹੈ ਕਟੀ ਭੁਜਾ ਆਕੇ ॥
ਨਾਮ ਕੌ ਉਨ ਕਾ ਬਤਲਾਕੇ ॥ ਜੇ ਭੁਜਹੈਂ ਤੂ ਔਰ ਕਿਸੀ
ਕੀ ਮਤ ਲਿਖਨਾ ਵਾਕੇ॥ ਤਜੂੰਗੀ ਪ੍ਰਾਨ ਜੈਹਰ ਖਾਕੇ॥
ਕਰੇਂ ਤਸਲੀ ਮੇਰੀ ਜੇ ਕਰ ਸਤੀ ਹੋਵਾਂ ਜਾਕੇ ਜੀ ॥

॥ ਦੋਹਰਾ ॥

ਸੁਨੇ ਬਚਨ ਭੁਜ ਉਠ ਖੜੀ ਕੀਨੀ ਡੱਰ ਨ ਮੂਲ ॥
ਜੈਸੇ ਕਾਤਬ ਕਲਮ ਲੈ ਲਿਖੀ ਲੜਾਈ ਤੂਲ ॥ ਸੂਲ
ਸਬ ਮਿਟੇ ਲਿਖੀਬਾਨੀ ॥ ੪ ॥ ਦੇਖ ਕੇ ਭੁਜਾ ਭਵਨਃ ॥
ਲਿਖਾ ਭੁਜ ਨੇ ਪੈਲਾਂ ਸੀਆ ਰਾਂਮ । ਪਾਛੇ ਲਿਖੀ
ਲੜਾਈ ਸਾਰੀ ਜੋ ਗੁਜਰਾ ਸੰਗਰਾਂਮ॥ ਲਿਖਾ ਫਿਰ
ਇੰਦ੍ਰ ਜੀਤ ਕਾ ਨਾਂਮ ॥ ਭੁਜ ਕਾਟੀ ਲਖਮਨ ਮੇਰੀ

ਧੜ ਹੈ ਰਣ ਮੈ ਨਹਿ ਕਾਂਮ ॥ ਸੀਸ ਹੈ ਪਾਸ ਰਾਮ ਸਰ ਨਾਂਮ ॥ ਦੂਬਤਾ ਦਿਲ ਕੀ ਦੂਰ ਹੋਈ ਸਭ ਮੈ ਪੌਚਾ ਸੁਰ ਧਾਮ ॥ ਸੁੱਫਲ ਭਏ ਸਬ ਮੇਰੇ ਸਿਧ ਕਾਂਮ। ਤਾਮਸ ਦੇਹ ਗਈ ਛੂਟ ਆਜ ਹਮ ਪਾਇਆ ਬੌਹਤ ਅਰਾਂਮ ਜੀ ॥

॥ ਦੋਹਰਾ ॥

ਚਾਤਰ ਚਿੰਤਾ ਮਤ ਕਰੋ ਮਨ ਕੇ ਮੇਟ ਕਲੇਸ਼ ॥
ਜੈਂਤੀ ਉਸ ਪੁਰ ਮੇ ਗਏ ਮਨ ਬਾਨੀ ਨਾਲੇਸ਼ ॥
ਗਿਆ ਰਲਿਆ ਵਿਰਲਾ ਗਿਆਨੀ ॥ ੫ ॥ ੩ ॥

ਦੋਹਰਾ

ਪੜਕੇ ਅਖਰ ਗਿਰ ਪੜੀ ਕਰਨੇ ਲਗੀ ਵਿਚਾਰ।
ਨੈਨੀ ਨੀਰ ਟਪ ਟਪ ਚਲੇ ਕਰਤੀ ਹਾ ਹਾ ਕਾਰ॥

ਭਜਨ

॥ ਪੜ ਅਖਰ ਫਟਾ ਕਲੇਜਾ ਫਾੜੇ ਸਭ ਤਨਕੇ ਚੀਰ ॥ ਟੇਕ ॥ ਅਖਰ ਪੜ੍ਹੇ ਸੜੇ ਮਨ ਅੰਦਰ ॥ ਸੋਚੀ ਸੁਸਰ ਨਹੀਂ ਦਸਕੰਦਰ ॥ ਪਤੀ ਬਿਨਾ ਸੁੰਞਾ ਹੈ ਮੰਦਰ ॥ ਭੂਪ ਮਾਰੇ ਤਨ ਤੀਰ॥ ਜਿਨ ਕਰਨ ਕਠਨ ਯੁਧ ਭੇਜਾ॥੧॥ਪੜ ਅਛਰ ਫਟਾ ਕਲੇਜਾ॥ ਖੋਵੇ ਸੀਸ ਤੇ ਹਾਥ ਮਰੋੜੇ॥ ਧਰਨ ਹਾਥ ਮਾਰੇ ਸਿਰ ਫੋੜੇਂ॥ ਫੜ ਫੜ ਹਾਰ ਗਲੇ ਕਾ ਤੋੜੇ॥ ਚਲੇ ਨੈਨ ਸੇ ਨੀਰ ॥ ਫੂਲੋਂ ਕੀ ਉਡਾਈ ਸਿਜਾ ॥ ੨ ॥ ਪੜ ਅਛਰ ਫਟਾ ਕਲੇਜਾ॥ ਜਬ ਪਤੀ ਪੈਜ ਯੁਧ ਕੀ ਠਾਨੀ ॥ ਮੈਂ ਕੈਹ

ਰਈ ਨਾ ਮੈਰੀ ਮਾਨੀ॥ ਪੂਟਨ ਬ੍ਰਮਓ ਸਾਰੰਗ ਪਾਨੀ॥
ਹੈ ਸੰਗ ਲਛਮਨ ਬੀਰ ॥ ਸੁਨੀ ਬਾਤ ਪੜਨ ਲਗਾ
ਰੇਜਾ ॥ ੩ ॥ ਪੜ ਅਛਰ ਫਟਾ ਕਲੇਜਾਃ ॥
ਕਠਨ ਕਰਾਲ ਬਾਨ ਜਿਨ ਮਾਰੇ ॥ ਪਤੀ ਕੇ ਤਨ
ਮੈਂ ਧਸ ਗਏ ਸਾਰੇ ॥ ਜੈਂਤੀ ਪ੍ਰਾਨ ਗਏ ਹੋ ਨਿਆਰੇ
॥ ਆਇਆ ਸਮਾ ਅਖੀਰ॥ ਲਗਾ ਸੀਸ ਪਤੀ ਕੇ ਨੇਜਾ
॥ਪੜ ਅਛਰ ਫਟਾ ਕਲੇਜਾਃ ॥ ੪ ॥ ਦੋਹਰਾ

ਮੰਦੋਦਰ ਕੈਨੇ ਲਗੀ ਸੁਨ ਬੇਟੀ ਕਰ ਖਿਆਲ ।
ਤਨ ਮੇਂ ਕਰੋ ਸ਼ਿੰਗਾਰ ਤੁਮ ਕਿਉਂ ਹੋਗਈ ਬੇਹਾਲ ॥

ਭਜਨ

ਤਜ ਸੰਸਾ ਮਨਸਾ ਮੇਰੀ ਲਾਡੋ ਪੈਨੋ ਸਭੀ ਸਿੰਗਾਰ ॥
ਟੇਕ ॥ ਅਬ ਕਰ ਪਿਆਰੀ ਅਸ਼ਨਾਨ ਧਿਆਨ ਹਰੀ
ਲਾਵੇ ॥ ਸਿਰ ਗੇਰੋ ਤੇਲ ਫੁਲੇਲ ਨਾ ਮਨ ਸ਼ਰਮਾਵੇ ॥
ਮਹਾਰਾਜ ਪਾਇ ਸਿਰ ਚੌਂਕ ਫੂਲ ਮੋਤੀ॥ ਮਤ ਕਰੀਓ
ਅਫਸੋਸ ਹੋਸ਼ ਕਰ ਕਿਉਂ ਇਤਨਾ ਰੋਤੀ॥ ਪਾ ਬੇਸਰ
ਨਾਕ ਬੁਲਾਕ ਧੂੜਾ ਮੁਖ ਲਾਵੇ ॥ ਮਸਤਕ ਬਿੰਦੀ ਲਾ
ਆਜ ਤੋ ਮਾਂਗ ਭਰਾਵੇ ॥ ਮਹਾਰਾਜ ਵਾਲ ਕਿਉਂ ਸੀਸ
ਉਤੋਂ ਖੋਤੀ ॥ ਕਿਆ ਏ ਕਿਸੀ ਕਾ ਦੋਸ਼ ਲਿਖੀ ਬਿਧਨਾ
ਮਸਤਕ ਹੋਤੀ ॥ ਸ਼ੇਹਰ

ਸਾਸ ਕਹੇ ਸਰਲੋਚਨਾ ਸਚ ਸੁਖਨ ਮੇਰਾ ਜਾਨ ਤੂੰ ॥
ਜਾਨ ਅਪਨੀ ਕਿਉਂ ਗੁਵਾਵੇਂ ਹੋਕੇ ਚਤ੍ਰ ਸੁਜਾਨ ਤੂੰ ॥

ਮਾਨ ਜਾਵੇਂ ਬਾਤ ਹਮਰੀ ਪਾਵੇਂ ਲੰਕਾ ਮਾਨ ਤੂੰ॥
ਭੋਗ ਰਾਜ ਸਮਾਜ ਅਪਨਾ, ਜੋ ਚਾਹੇ ਕਰ ਦਾਨ ਤੂੰ॥

॥ ਮਲਾਨ ॥ ਪਾਏ ਦੌਨੀ ਟਿਕਾ ਭਾਲ ਘਰ ਕਮੀ ਨਹੀਂ ਮਾਲ ਝੂਠੇ ਛਡ ਦੇ ਖਿਆਲ ਕਟ ਕਸ ਕਰ ਹੋ ਹੁਸ਼ਿਆਰ॥ ਤਜ ਸੰਸਾ ਮਨਸਾ ਮੇਰੀ॥ ॥ ੧ ॥ ਪਾ ਕਾਨ ਫੂਲ ਢੇਡੂ ਝੁਮਕੇ ਹੈਂ ਸਾਰੇ ॥ ਹੀਰੇ ਪੰਨੇ ਵਿਚ ਜੜੇ ਕੀਮਤੀ ਭਾਰੇ॥ ਮਹਾਰਾਜ ਜੜਾਊ ਜੜਤ ਜੜੀ ਵਾਲੀ॥ ਅਤਰ ਦਾਨ ਪਾ ਹਮੇਲ ਮੁਹਰਾ ਤਜਦੇ ਮਤ ਬਾਲੀ॥ ਗਲ ਗੁਲੂ ਬੰਦ ਬਨ ਬੈਠ ਘੜਾ ਸੁਨਿਆਰੇ॥ ਕੰਠੀ ਕੰਠਾ ਅਰ ਜੁਗਨੀ ਪਾਸ ਤੁਮਾਰੇ ॥ ਮਹਾਰਾਜ ਭਰੇ ਸੰਦੂਕ ਨਹੀਂ ਖਾਲੀ॥ ਜੇਕਰ ਨਹੀਂ ਅਤਬਾਰ ਖੋਲ ਤੂੰ ਲੇ ਕਰ ਮੈਂ ਤਾਲੀ॥

॥ ਸ਼ੇਹਰ ॥ ਬਦਨ ਕੇ ਬਸਤ੍ਰ ਅਨੇਕਾਂ ਭਰੇ ਬਹੁਤ ਪਟਾਰ ਹੈਂ॥ ਲੈਂਗੇ ਚੁੰਨੀ ਚੋਲੀਆਂ ਭੀਤਰ ਤੋ ਬੇਸ਼ੁਮਾਰ ਹੈਂ॥ ਜਾਮਦਾਨੀ ਜਰੀ ਕੇ ਕੋਈ ਸਾੜੀਆਂ ਸਰਦਾਰਹੈਂ॥ ਔਰ ਤੋ ਕਮੀ ਕੁਛ ਨਹੀ ਘਰ ਨਹੀ ਤੇਰਾ ਭਰਤਾਰਹੈਂ॥

॥ ਮਲਾਨ ॥ ਮੇਰੀ ਬਾਤ ਮਨ ਆਜ ਕੋਈ ਨਹੀ ਤੂੰ ਮੁਹਤਾਜ ਘਰ ਬਾਹਰ ਤੇਰਾ ਰਾਜ ਬੈਠੀ ਕਿਉਂ ਕੇਸ ਖਲਾਰ॥ ਤਜ ਸੰਸਾ ਮਨਸਾ॥ ॥ ੨ ॥ ਪਾ ਬਾਂਕਾਂ ਬਾਜੂ ਬੰਦ ਹੈਨ ਘਰ ਤੇਰੇ॥ ਪਾ ਪੌਂਚੀਆਂ ਨਾਲੇ ਬੰਦ ਸਾਸ ਨਿਉ ਟੇਰੇ॥ ਮਹਾਰਾਜ ਆਰਸੀ ਪਾ ਆਲਸ ਕਰ ਦੂਰ॥

ਛਲੇ ਛਾਪਾਂ ਪੈਹਨ ਆਜ ਤੂੰ ਕਿਉਂ ਮੁਖ ਕੀਆ ਤੈਂ ਦੂਰ॥ ਟਾਡਾਂ ਵੀ ਲਿਆਊਂ ਟੋਲ ਪਾਸ ਜੋ ਮੇਰੇ ॥ ਸਬ ਤੇਰੇ ਦਾਸੀ ਦਾਸ ਜੋ ਖੜੇ ਚੁਫੇਰੇ॥ ਮਹਾਰਾਜ ਹੋਈ ਕਿਉਂ ਮੋਹ ਮਮਤਾ ਮੇ ਚੂਰ॥ ਦੇਖ ਦਸ਼ਾ ਮੈਂ ਤੇਰੀ ਬੇਟੀ ਜਲ ਬਲ ਹੋਈ ਮਨੂਰ॥

ਸ਼ੇਹਰ ॥ ਸੀਨੇ ਲਾਗੇ ਬਾਨ ਮੇਰੇ ਬੇਟੀ ਤੁਮ ਸੇ ਕਮ ਨਹੀਂ॥ ਤੂੰ ਤੋ ਕੈਹਤੀ ਅਪਨੇ ਮਨ ਮੈਂ ਤੇਰੇ ਦਿਲ ਮੇਂ ਗਮ ਨਹੀਂ॥ਹਠ ਸੇ ਕਰਤੀ ਬਾਨੀ ਤੁਮ ਸੇ ਅਸਲੀ ਤਨ ਮੈਂ ਦੰਮ ਨਹੀਂ॥ ਬਿਨਾ ਅਬ ਸੰਤੋਖ ਕੇ ਹੋਤਾ ਤੋ ਗਮ ਕੁਛ ਤਮ ਨਹੀਂ॥ ਮਲਾਨ ॥ ਬੇਟੀ ਕਰ ਮਨ ਸਬਰ ਨਾ ਸੋਚੋ ਅਵਰ ਗਿਆਨ ਕਾ ਤਵਰ ਪਗੜ ਕੇ ਮਨ ਦੁਸ਼ਮਨ ਕੋ ਮਾਰ॥ ਤਰਜ਼ ॥ ੩ ॥ ਪੈਰੋਂ ਮੇਂ ਪਾਏ ਪੰਜੇਬ ਧੀਰ ਧਰ ਪਿਆਰੀ ॥ ਛੱਲੇ ਬਾਂਦੋ ਅਰ ਕੜੀ ਕਿਉਂ ਹਿੰਮਤ ਹਾਰੀ ॥ ਮਹਾਂਰਾਜ ਗੌਰ ਕਰ ਗਮ ਡਾਰੋ ਰਾਨੀ॥ ਜੋ ਜਗ ਮੈਂ ਹੈ ਜੀਵ ਸਭੀ ਹੋਨਾ ਇਕ ਦਿਨ ਫਾਨੀ॥ ਜੋ ਦੇਵ ਦੰਤ ਹੈਂ ਪਸੂ ਪੁਰਸ਼ ਅਰ ਨਾਰੀ ॥ ਸਭਕੇ ਸਿਰ ਗਰਜੇ ਕਾਲ ਬੜਾ ਬਲਕਾਰੀ ॥ ਮਹਾਂਰਾਜ ਮੁਕਾਏ ਇਸ ਸਭ ਬਲਵਾਨੀ ॥ ਮੇਲ ਦੀਏ ਵਿਚ ਖਾਕ ਸ਼ੂਮ ਜਗ ਜੇਤੇ ਬੇ ਦਾਨੀ॥

ਸ਼ੇਹਰ॥ ਵਸੋ ਬੇਟੀ ਪਾਸ ਮੇਰੇ ਆਸ ਤਜ ਦੇ ਮਰਨ ਕੀ॥ ਸੁਵਾਸ ਮੇਰੇ ਦੁਖ ਸੇ ਬੀਤਨ ਬਾਤ ਕਰ ਦੁਖ ਹਰਨ ਕੀ॥

ਸਤੀ ਸੁਨਕੇ ਸਿਰ ਹਲਾਇਆ ਸੁਰਤ ਲਾਗੀ ਜਰਨਕੀ।
ਜੈਂਤੀ ਨੇ ਬੇੜੀ ਬਨਾਈ ਸੰਸਾਰ ਸਾਗਰ ਤਰਨ ਕੀ॥

॥ ਮਲਾਨ ॥

ਰਲਿਆ ਸੁਨ ਕੇ ਸਤੀ ਯਾਦ ਕਰ ਪਤੀ ਨਾ ਡੋਲੀਰਤੀ ਦੇਈ ਸੁਖ ਸੰਪਤ ਸਭੀ ਵਿਸਾਰ ॥ ਤਜ ਸੰਸਾ ਮਨਸਾ ਮੇਰੀ ॥ ੫ ॥ ਦੋਹਰਾ ॥

ਕੰਙਨ ਕਰ ਕੇ ਧਰ ਧਰੇ ਚੂੜਾ ਦੀਆ ਕਟਾ॥
ਕੈਠੀ ਕੰਠ ਨਾ ਭਾਵਤੀ ਜੁਗਨੀ ਪਰੇ ਹਟਾ॥

॥ ਭਜਨ ॥

ਸੰਗਾਰ ਮਾਰਦੇ ਮੈਨੂੰ ਮੈ ਸਭੀ ਸੰਗਾਰ ਉਤਾਰਾਂ॥ ਟੇਕ ॥ ਜੰਜੀਰੀ ਜੰਜੀਰਾਂ ਪਾਵੇ॥ ਚੌਂਕ ਚੋਤਰਫੋਂ ਸੀਸ ਦੁਖਾਵੇ ॥ ਫੂਲ ਫੂਲ ਕੇ ਹਮੇ ਸਤਾਵੇ ॥ ਤੀਲੀ ਤਨਕ ਨਾ ਧਾਰਾਂ ॥ ਬੇਸਰ ਬਸ ਹੁਨ ਨਾ ਪੈਨੂੰ ॥ ੧ ॥ ਸੰਗਾਰ ਮਾਰਦੇ ਮੈਨੂੰ॥ ॥ ਸੁਰਖੀ ਸੂਕ ਗਿਆ ਰੰਗ ਸਾਰਾ॥ ਧੂੜਾ ਧੂੜ ਰਲਾ ਗਿਆ ਪਿਆਰਾ॥ਅੰਗੀ ਅੰਗ ਚਲਾਵੇਆਰਾ॥ ਭੇਛਨ ਭੂੰ ਪਰ ਮਾਰਾਂ ॥ ਲੈਂਗਾ ਲਾਵਾਂ ਅਗ ਤੈਨੂੰ ॥੨॥ ਸੰਗਾਰ ਮਾਰਦੇ ਮੈਨੂ॥॥ ਕੜੇ ਕੈਹਰ ਕਰਦੇ ਸੰਗ ਮੇਰੇ॥ ਛਲੇ ਛਲਛਲ ਗਏ ਬਤੇਰੇ॥ਮੋਰਾਂ ਮੌਤ ਪਈ ਅਜਹੇਰੇ॥ ਬਾਂਕਾਂਤੁਸੀ ਕਰੋ ਬਹਾਰਾਂ॥ਚੂੜੇ ਦੀ ਚੋਟ ਕਹਾਂ ਕੈਨੂੰ॥੩॥ ਸੰਗਾਰ ਮਾਰਦੇ ਮੈਨੂੰ॥ ॥ ਜੈਂਤੀ ਜਤਨ ਕਰੋ ਕੋਈਜਾਕੇ॥ ਰਲਿਆਜਾਏ ਰਾਮ ਨੂ ਪਾਕੇ॥ਡੂੰਡ ਸ਼ਹੁ ਸਿਰ ਸ਼ਰਾਕਟਾ

ਕੇ ॥ ਮਿਲਸੀ ਪ੍ਰੀਤਮ ਪਿਆਰਾ ॥ ਭਲੇ ਭਾਗ ਭਾਗ ਲਗੇ ਜੈਨੂੰ ॥ ੪ ॥ ਸਿੰਗਾਰ ਮਾਰਦੇ ਮੈਨੂੰ ॥ ੬ ॥

॥ ਭਜਨ ॥

ਨਕਕੀ ਨਥ ਤੁਰਤ ਕਟਾਈ ਰਾਨੀ ਕਰ ਲਿਆ ਵਿਧਵਾ ਵੇਸ॥ ਟੇਕ ॥ ਲਗੇ ਸਲੋਚਨ ਗਮ ਕੇ ਗੋਲੇ ॥ ਰੋਨ ਲਗੀ ਕਰਕੇ ਮੁਖ ਓਲੇ ॥ ਗੋਰੀ ਦੇਂਹ ਖ਼ਾਕ ਮੈਂ ਰੋਲੇ ॥ ਸਿਰੋਂ ਖਲਾਰੇ ਕੇਸ ॥ ਅੰਗੀਆ ਅੰਗ ਕੀ ਝਟ ਲਾਈ ॥੧॥ਨਕ ਕੀ ਨਥ ਤੁਰਤ॥ਬਾਜੂ ਬੰਦ ਪੌਂਚੀਆਂ ਲਾਂਈਆਂ ॥ ਕਰੇ ਰੁਦਨ ਭੂੰ ਪਰ ਪਟਕਾਈਆਂ ॥ ਆਸ ਪਾਸ ਕੀਆਂ ਸਖੀਆਂ ਆਈਆਂ॥ਕੀ ਪੈਗਿਆ ਕਲੇਸ਼॥ਮੰਦਰ ਮੈ ਜੁੜੀ ਲੁਕਾਈ ॥ ੨ ॥ ਨਕ ਕੀ ਨਥ॥ਸਾਸੂ ਸੁਨੀਓ ਹਮਰੇ ਬੈਣਾ ॥ ਮੈ ਨਈ ਅਬ ਲੰਕਾ ਮੇ ਰੈਣਾ॥ ਪਟਕ ਦੀਆ ਧਰਨੀ ਪੁਰ ਗੈਣਾ॥ਹੋਈ ਜੋਗਨ ਦੇ ਭੇਸ ॥ ਤਨ ਮੈ ਨਹੀ ਭਸਮ ਰਮਾਈ ॥ ੩ ॥ ਨਕਕੀ ਨਥ॥ ॥ ਸੁਨ ਸਾਸੂ ਸੁਖ ਪਾਲ ਮਗਾਦੇ ॥ ਭੁਜਾ ਬੀਚ ਧਰ ਮੁਝੇ ਬਠਾਦੇ ॥ ਪਾਸ ਭੂਪ ਦੇ ਬੇਗ ਪੁਚਾਦੇ ॥ ਜਾਵਾਂ ਜਹਾਂ ਲੰਕੇਸ॥ ਕਰਾਂ ਅਰਜ ਸੁਸਰ ਪੈ ਜਾਈ ॥ ੪ ॥ ਨਕ ਕੀ ਨਥ॥ ॥ ॥ ਮਾਨ ਮਦੋਦਰ ਹੁਕਮ ਸੁਨਾਇਆ ॥ ਭੇਜ ਨਫਰ ਸੁਖ ਪਾਲ ਮਗਾਇਆ ॥ ਬਹੂ ਸਾਸ ਕੋ ਸੀਸ ਨਵਾਇਆ ॥ ਜੈਂਤੀ ਜਹਾਂ ਨਰੇਸ਼ ॥ ਰਲਿਆ ਉਤ ਸੁਰਤ ਲਗਾਈ ॥ ੫ ॥ ਨਕ ਕੀ ਨਥ ਤੁਰਤ ਕਟਾਈ ॥

ਦੋਹਰਾ

ਚੜ੍ਹ ਡੋਲੀ ਸਰਲੋਚਨਾ ਤੁਰ ਪੈ ਸਭੀ ਕਹਾਰ ॥
ਉਸੀ ਜਗਹ ਪਰ ਆ ਗਈ ਜਹਾਂ ਰਾਵਨ ਦਰਬਾਰ ॥

ਸ਼ਿਹਰ ॥ ਨਫਰਾਂ ਨੇ ਜਾ ਕੇਹਾ ਉਸ ਦਮ ਸੁਨੀਉ ਤੁਮ ਲੰਕੇਸ਼ ਜੀ ॥ ਡੋਲੀ ਮੈ ਇਕ ਨਾਰ ਆਈ ਉਸਕਾ ਵਿਧਵਾ ਵੇਸ ਜੀ ॥ ਭੂਪ ਕੈ ਭੀਤਰ ਲਿਆਵੋ ਹੈ ਬਿਪਤ ਕਿਆ ਏਸ ਜੀ ॥ ਜੈਂਤੀ ਸੁਤ ਕੀ ਨਾਰ ਦੇਖੀ ਮਨ ਮੇਂ ਭਇਆ ਕਲੇਸ਼ ਜੀ ॥

॥ ਭਜਨ ॥

ਧਰ ਭੁਜਾ ਸੁਸਰ ਕੇ ਆਗੇ ॥ ਬੈਠੀ ਸਨਮੁਖ ਆਸਨ ਮਾਰ ॥ ਟੇਕ ॥ ਰਾਨੀ ਰੋਵੇ ਬਾਰ ਬਾਰ.ਕੇਸ ਲੀਏ ਹੈਂ ਖਲਾਰ ਸੀਸ ਨਾਲ ਮਹੀ ਮਾਰ ਰੋਈ ਜੀ ॥ ਚੂੜਾਪਟਕ ਧਰਨ ਪਰ ਮਾਰਾ॥ ਘੁੰਗਟ ਦੀਆ ਉਤਾਰ ॥ ਦੁਖ ਪਤੀ ਬਾਨ ਤਨ ਲਾਗੇ ॥ ੧ ॥ ਧਰ ਭੁਜਾ॰ ॥ ਪੀਆ ਮੁਇਆ ਹੋਇਆ ਕੈਹਰ ਮੇਰੇਨਾਲ ਲੀਤਾ ਵੈਰ ਹਥੀਂ ਆਪ ਦਿਤੀ ਜ਼ੈਹਰ ਮੈਨੂ ਜੀ॥ ਤਨਕੇ ਚੀਰ ਪਾੜ ਦੀਏ ਸਾਰੇ ॥ ਡਾਰੇ ਸਭੀ ਸਿੰਗਾਰ ॥ ਦੁਨੀਆਂ ਕੇ ਸਭ ਸੁਖ ਤਿਆਗੀ ॥ ੨ ॥ ਧਰ ਭੁਜਾ॰ ॥ ਮੇਰਾ ਪਤੀ ਗਿਆ ਮਰ ਡੂਬ ਗਿਆ ਤੇਰਾ ਘਰ ॥ ਪਿਤਾ ਸਵੋਂ ਅਖ ਭਰ ਤੁਮ ਜੀ ॥ ਪੂਤਮੋਇਆ ਤੁਮ ਕਰੀ ਅਨੀਤੀ ॥ ਲਾ ਬੈਠੇ ਦਰਬਾਰ ॥ ਕੈ ਭਾਗ ਤੁ-ਮਾਰੇ ਭਾਗੇ ॥ ੩ ॥ ਧਰ ਭੁਜਾ॰॥ਪੀਆ ਮੇਰਾ ਸੀਦਲੇਰ

॥ ਦੇਵ ਦੰਤ ਕੀਏ ਜੇਰ ॥ ਲੀਆ ਸੋਈ ਮੌਤ ਘੇਰ
ਅਜ ਜੀ ॥ ਗੀਦ ਸੁਵਾਨ ਅਬ ਖਾਤੇ ਉਨ ਕੋ ॥ ਬਨ ਮੈ
ਕਰਨ ਖੁਵਾਰ ਤਨ ਚੋਂਚ ਚਲਾਤੇ ਕਾਗੇ ॥ ੪ ॥
ਸੀਸ ਪਾਸ ਰਘੁਨਾਥ ਲਿਆਇ ਦੇਉ ਮੇਰੇ ਹਾਥ ਪਤੀ
ਸੰਗ ਕਰਾਂ ਸਾਥਅਬਜੀ॥ਜੈਂਤੀਨਾਲ ਸੀਸਕੇ ਜਲਜਾਊਂ
॥ ਹੈ ਝੂਠਾ ਸੰਸਾਰ ॥ ਰਲਿਆ ਪੂਰਬ ਪੁੰਨ ਜਾਗੇ ॥ ੫ ॥

॥ ਦੋਹਰਾ ॥

ਬੇਟੀ ਮਤ ਚਿੰਤਾ ਕਰੋ ਮਤ ਡੋਲੋ ਦ੍ਰਿਗ ਨੀਰ ॥
ਗਰਕ ਕਰੂੰ ਸੈਨਾ ਸਭੀ ਤਾਪਸ ਦੋਨੋ ਬੀਰ ॥

॥ ਭਜਨ ॥

ਧਰ ਧੀਰਜ ਬੇਟੀ ਮਨਕੋ ਰਨਕੋ ਮੈ ਅਬ ਜਾਊਂਗਾ ॥
ਟੇਕ ॥ ਸੁਨ ਕੇ ਰਾਵਨ ਅਤੀ ਕਿਲਕਾਰਾ ॥ ਖੈਂਚਲੀਆ
ਕਰ ਖੜਗ ਦੁਧਾਰਾ ॥ ਮਾਰ ਦੇਊਂ ਦਲ ਜਾਕੇ ਸਾਰਾ ॥
ਤਬ ਘਰ ਆਊਂਗਾ ॥ ਖਾਊਂਗਾ ਜਿਸ ਦਮ ਅਨਕੋ ॥ ੧ ॥
ਧਰਃ ॥ ਮਾਰ ਭਬੀਛਨ ਹਨਵਤ ਮਾਰੂੰ ॥ ਜਮਾਵੰਤ ਨਲ
ਨੀਲ ਸੰਘਾਰੂੰ ॥ ਰਾਮ ਲਖਨ ਕਾ ਸੀਸ ਉਤਾਰੂੰ ॥ ਤਬ
ਸੁਖ ਪਾਊਂਗਾ ॥ ਪਾਲੂੰਗਾ ਅਪਨੇ ਪ੍ਰਨ ਕੋ ॥ ੨ ॥ ਧਰ
ਧੀਰਜਃ ॥ ਸੈਨਾ ਸਬ ਜਮ ਧਾਮ ਪਠਾਊਂ ॥ ਜੀਤਾ ਛੋਡ
ਏਕ ਨਾ ਆਊਂ ॥ ਜਗ ਮੈ ਰਾਵਨ ਨਾਮ ਕਹਾਊਂ ॥ ਸਾਚ
ਸੁਨਾਊਂਗਾ ॥ ਚੁਨ ਚੁਨ ਮਾਰੂੰ ਇਕ ਤਨ ਕੋ ॥ ਧਰਃ ॥
ਲਾਡੋ ਕਹੀ ਮਾਨ ਅਬ ਮੇਰੀ ॥ ਮੈ ਸੁਣ ਬਾਤ ਲੇਈ ਸਬ

ਤੇਰੀ॥ ਜੈਂਤੀ ਰਾਮ ਪੈ ਮਤ ਜਾਵੇਗੀ ॥ ਕਾਨ ਘਟਾਂ ਊਂਗਾ ॥ ਰਲਿਆ ਦੇ ਧੀਰਜ ਜਨਕੋ॥ ੪॥ ਧਰ ਧੀਰਜ ਬੇਟੀ ਮਨਕੋ ॥

॥ ਛੰਦ॥

ਕਹਿ ਸਰਲੋਚਨ ਸੁਨੋ ਪਿਤਾ ਜੀ ਹੈ ਸਤ ਸਤ ਤੁਮਰੀ ਬਾਨੀ॥ ਮੇਰਾ ਮਿਲੇ ਸੁਹਾਗ ਮੂਲ ਨਾ ਮੈਨੇ ਮਨ ਨਿਸਚਾ ਠਾਨੀ॥ ਚਾਇ ਭੂਪ ਹੋ ਆਪ ਲੰਕ ਕੇ ਚਾਇ ਰਾਮ ਕਰੇ ਰਜਧਾਨੀ ॥ ਚਾਇ ਲੰਕ ਵਸ ਜਾਇ ਦੂਰ ਤਕ ਚਾਇ ਗਰਕ ਹੋ ਜਾਇ ਫਾਨੀ॥ ਦੁਖ ਸੁਖ ਕਾ ਭਾਗੀ ਹੈ ਸੋ ਨਰ ਜਿਸ ਕੀ ਜਗ ਮੈ ਜਿੰਦਗਾਨੀ ॥ ਜੈਂਤੀ ਦੀਆ ਜਬਾਬ ਖੜੀ ਉਠ ਰਲਿਆ ਨੈਣ ਵਹੇਂ ਪਾਨੀ॥

॥ ਭਜਨ ਬੰਦ॥

ਲੇ ਭੁਜਾ ਪਤੀ ਕੀ ਚਲੀ ਜੇ ਸਤੀ ਤਤਕਾਲ ॥ ਟੇਕ॥ ਭੁਜਾ ਪਕੜ ਡੋਲੀ ਮੇ ਧਰਕੇ ॥ ਬੈਠ ਗਈ ਰਾਣੀ ਚੁਪ ਕਰ ਕੇ॥ ਕਹੇ ਸੁਸਰ ਕੋ ਦੋ ਦ੍ਰਿਗ ਭਰ ਕੇ ॥ ਤੇਰਾ ਬੁਰਾ ਹਵਾਲ॥ ੧ ॥ ਆਈ ਪਾਸ ਸਾਸ ਕੇ ਰੋਤੀ॥ ਟੂਟ ਗਏ ਗਲ ਕੇ ਸਬ ਮੋਤੀ ॥ ਪੀਟੇ ਸਨਮੁਖ ਆਨ ਖਲੋਤੀ॥ ਖੋਇ ਸੀਸ ਕੇ ਵਾਲ ॥ ੨ ॥ ਸਾਸ ਕਹੇ ਸੁਨ ਨਾਗ ਦੁਲਾਰੀ ॥ਕਿਆ ਕੋਈ ਸੁਸਰ ਨਕਾਰੀ ਗਾਰੀ॥ਅਪਨੀ ਬ੍ਰਿਥਾ ਸੁਨਾਵੇ ਸਾਰੀ ਖੋਲ ਕਹੇ ਸਬਹਾਲ ॥ ੩ ॥ ਬੋਲੀ ਫੇਰ ਨਾਗ ਕੀ ਜਾਈ॥ ਮੈ ਗਈ ਪਾਸ

ਸੁਸਰ ਕਰ ਧਾਈ ॥ ਸੀਸ ਪਤੀ ਕਾ ਦਿਓ ਮੰਗਾਈ ॥ ਉਸ ਨਾ ਕੀਆ ਖਿਆਲ ॥ ੪ ॥ ਲਗਾ ਔਰ ਕੀ ਔਰ ਬਤਾਵਨ ॥ ਜਲੀ ਹੂਈ ਕੋ ਲਗਾ ਜਲਾਵਨ ॥ ਨਾ ਦੇਈ ਧੀਰ ਲਗਾ ਕਲਪਾਵਨ ॥ ਚੜ ਆਈ ਸੁਖ ਧਾਲ ॥ ੫ ॥ ਬੇਟੀ ਪਾਸ ਜਾਉ ਜਗਦੀਸ਼ਰ ॥ ਜੋ ਹੈ ਸਭੀ ਜਗਤ ਕਾ ਈਸ਼ਰ॥ਜਪਤੇ ਜੋਗੀ ਜਤੀ ਤਪੀਸ਼ਰ॥ ਪੂਰਾ ਕਰਨ ਸਵਾਲ ॥ ੬ ॥ ਸਮਝ ਸੋਚ ਕਰ ਬੇਟੀ ਮਨ ਮੈਂ ॥ ਤਜੋ ਫਿਕਰ ਅਬ ਜਾਈਓ ਰਨ ਮੈਂ ॥ ਜੈਂਤੀ ਰਾਮ ਕੀ ਪੜੋ ਸ਼ਰਨ ਮੈਂ ॥ ਤਜ ਮਮਤਾ ਕਾ ਜਾਲ॥੭

ਛੰਦ

ਬੇਟੀ ਸੁਸਰ ਨਾ ਮਾਨੇ ਤੇਰਾ ਜਬ ਤਕ ਹੈ ਉਸਕੇ ਤਨ ਜਾਨ ॥ ਰਾਜ ਕੇ ਮਦ ਮੇਂ ਡੂਬ ਗਿਆ ਹੈ ਕਰਨ ਲਗਾ ਕੁਲ ਅਪਨੀ ਹਾਨ॥ਮੈਂ ਕਹਿ ਰਹੀ ਏਕ ਨਾ ਮਾਨੀ ਲਗਾ ਸੁਨਾਵਨ ਉਲਟੇ ਗਿਆਨ ॥ ਮਨ ਮੈਂ ਜਾਨ ਗਈ ਮੈਂ ਉਸਦਮ ਹੈ ਭਾਵੀ ਸਭ ਤੋਂ ਬਲਵਾਨ ॥ ਤੂੰ ਤਜ ਲਾਜ ਕਾਜ ਕਰ ਅਪਨਾ ਮਿਲੇ ਰਮਾਂਪਤਿ ਜਾ ਭਗਵਾਨ।ਜੋੜੀਂ ਮੇਰੇ ਕਰ ਰਘਬਰ ਪੈ ਦਾਸੀ ਕੇ ਦੁਖ ਹਰੋ ਸੁਜਾਨ ॥ ਦੇਂਗੇ ਸੀਸ ਨਾ ਸੰਸਾ ਕੋਈ ਕਰਨ ਬੇਗ ਤੇਰੀ ਕਲਿਆਨ ਦੋ ਦਿਨ ਮੇਲਾ ਬੀਚ ਜਗਤ ਕੇ ਜੈਂਤੀ ਝੂਠ ਨਹੀਂ ਸਚ ਮਾਨ ॥

ਭਜਨ

ਬਾਤ ਮੰਨ ਤੂੰ ਬੇਟੀ ਮੇਰੀ । ਜਾ ਰਘੁਬਰ ਕੇ ਪਾਸ ਕਟਨਗੇ ਸਬ ਬਿਪਤਾ ਤੇਰੀ ॥ ਟੇਕ॥ ਲਾਜ ਕਾ ਕਾਜ ਨਹੀ ਕੋਈ । ਕਰ ਬੇਟੀ ਸੰਤੋਸ਼ ਲਿਖੀ ਜੋ ਕਰਮਾਂ ਮੇਂ ਹੋਈ।ਸੁਸਰ ਕੀ ਮਤ ਭਗਵਤ ਖੋਈ। ਲਿਆ ਪਤੀ ਕਾ ਸੀਸ ਸਤੀ ਹੋ ਮਿਲੇ ਸੂਰਗ ਢੋਈ। ਖਿਲੇਗੀ ਜਗਮੇਂ ਖੁਸ਼ ਬੋਈ।ਬਿਨਾਪਤੀ ਸੁਖ ਨਹੀ ਬਾਤ ਕਹਿ ਮੰਦੋਦਰ ਰੋਈ॥

ਦੋਹਰਾ

ਜਗਤ ਵਿਖੇ ਜਸ ਰਹੇਗਾ ਬਨੈ ਤੇਰਾ ਪਰਲੋਗ ॥
ਦੁਨੀਆਂ ਮੇ ਦੁਖ ਬੌਹਤ ਹੈ ਝੂਠ ਪਦਾਰਥ ਭੋਗ॥ ਪਈ ਪਗ ਮਮਤਾ ਦੀ ਬੇੜੀ॥ ੧॥ਰਹੇ ਦਲ ਬੀਚ ਸੁਸਰ ਤੇਰਾ ਤੁਮ ਕੋ ਕੁਛ ਡਰ ਨਹੀ ਫੇਰ ਕਿਓਂ ਕੁਮਲਾਇਆ ਚੇਰਾ। ਛੋਡ ਗਮ ਮਾਂਨ ਬਚਨ ਮੇਰਾ।ਮੇਰੇ ਸੁਤ ਸਮ ਹੈ ਅੰਗਦ ਜਿਨ ਲੰਕ ਕੀਆ ਫੇਰਾ।ਪੈਰ ਵਿਚ ਸਭਾ ਜਿਨੇਂ ਗੇਰਾ॥ ਮਾਰਿਆ ਸਭ ਕਾ ਮਾਂਨ ਮੰਦੋਦਰ ਨੇ ਮੁਖ ਸੇ ਟੇਰਾ॥

ਦੋਹਰਾ

ਇਕ ਨਾਰੀ ਬ੍ਰਤ ਜਾਂਨ ਤੂੰ ਰਾਂਮ ਚੰਦ੍ਰ ਅਵਤਾਰ॥ ਸੁਪਨੈ ਮੇਂ ਦੇਖੀ ਨਹੀ ਜਿਨਾ ਦੂਸਰੀ ਨਾਰ॥ ਨਜਰ ਨਹੀ ਹੋਰ ਜਗਾ ਫੇਰੀ॥ ੨॥ ਬੀਰ ਹੈ ਲਖਮਨ ਬਲਕਾਰੀ॥ ਨੈਨ ਉਠਾ ਕਰ ਕਦੀ ਨਾ ਜਿਸਨੇ ਦੇਖੀ ਪਰ ਨਾਰੀ ॥ ਲਈ ਸੁਨ ਤੂੰ ਮੈਹਮਾ ਸਾਰੀ। ਜਾਂਮਾਂਵੰਤ ਸੁਗ੍ਰੀਵ ਪ੍ਰਭੂ ਕੇ ਹੈਂ ਆ

ਗਿਆ ਕਾਰੀ। ਸੁਰਤ ਵਿਚ ਹਰਿ ਸੇਵਾ ਧਾਰੀ। ਕੌਨ ਕਰੈ
ਅਪਮਾਂਨ ਕਰਨਗੇ ਰਘੁਬਰ ਰਖਵਾਰੀ ॥

ਦੋਹਿਰਾ

ਪਾਸ ਪ੍ਰਭੂ ਕੇ ਜਾਨ ਮੇਂ ਤੁਮਰੀ ਨਹੀਂ ਕੋਈ ਹਾਨ ॥
ਬ੍ਰੀਮ ਚਾਰੀ ਸ਼ਿਵ ਰੂਪ ਹੈ ਪਵਨ ਪੁਤ੍ਰ ਹਨੂਮਾਨ ॥
ਜਤੀ ਜਿਸਨੂੰ ਦੁਨੀਆ ਟੇਰੀ ॥ ੩ ॥

ਫਿਕਰ ਨਾ ਬੇਟੀ ਮਨ ਕਰਨਾ ॥ ਸੰਸੇ ਸਭੀ ਵਸਾਰ ਚਲੀ ਜਾ ਰਘੁਬਰ ਕੀ ਸਰਨਾ ॥ ਸੀਸ ਬਿਨ ਕਾਂਮ ਨਹੀ ਸਰਨਾ ॥ ਮੇਰੀ ਅਰਜ ਵੀ ਕਰੀਂ ਸੀਸ ਪ੍ਰਭੁ ਕੇ ਚਰਨੀ ਧਰਨਾਂ ॥ ਕਹੀਂ ਦੁਖ ਦਾਸੀ ਕਾ ਹਰਨਾ ॥ ਸੁਨੀ ਸਾਸ ਕੀ ਬਾਤ ਸਲੋਚਨ ਰਿਹਾ ਜਰਾ ਡਰ ਨਾ ॥

॥ ਦੋਹਰਾ ॥

ਮੰਦੋਦਰ ਕੇ ਚਰਨ ਪਰ ਧਰਾ ਸਲੋਚਨ ਸੀਸ ॥ ਜੈਂਤੀ ਮਨ ਮੇਂ ਧੀਰ ਧਰ ਪਾਸ ਚਲੀ ਜਗਦੀਸ ॥ ਰਲਾ ਕਹੇ ਕਰੀ ਨਹੀਂ ਡੇਰੀ ॥ ੪ ॥

ਭਜਨ

ਕੈਹਨ ਲਗੀ ਚੜ੍ਹ ਡੋਲੀ ਮੇਂ ਨਾਰ ॥ ਟੇਕ ॥ ਸਖੀਓ ਸੁਣੋ ਬਾਤ ਇਕ ਹਮਰੀ ਮੈਂ ਕਹਿਤੀ ਹਰਬਾਰ ॥ ਮੈਂ ਅਬ ਚਲਾਂ ਰਲਾਂ ਸੰਗ ਪਤਿਕੇ ਨਹੀ ਸੁਖ ਵਿਚ ਸੰਸਾਰ॥ ੧ ॥ ਬੋਲ ਕਬੋਲ ਮਾਫ ਕਰੋ ਭੈਨਾ ਰੈਹਣਾ ਨਾਮ ਅਧਾਰ॥ਹਰੀ ਗੁਣ ਗਾਵੇ ਸੋ ਸੁਖ ਪਾਵੇ ਏ ਜਗ ਧੁੰਦ

ਗੁਬਾਰ॥ ੨ ॥ ਸਾਸੂ ਸੁਹਾਗ ਕੋਈ ਦਿਨ ਤੇਰਾ ਕਰ ਮੇਰਾ ਅਤਬਾਰ॥ ਸ਼ੇਰ ਜਗਾਇਆ ਕਿਨ ਸੁਖ ਪਾਇਆ ਕੌਹ ਸਚ ਆਪ ਨਤਾਰ॥ ੩ ॥ ਰੋਵਣ ਸਖੀਆਂ ਮਲ ਮਲ ਅਖੀਆਂ ਕਰਤੀਆਂ ਹਾਹਾਕਾਰ॥ ਜੈਂਤੀ ਰਾਮ ਧਾਮ ਤਜ ਧਾਈ ਰਲਿਆ ਤੁਰੇ ਕਹਾਰ ॥ ੪ ॥

ਦੋਹਰਾ

ਦੇਖ ਕਪੀ ਕਹਿਣੇ ਲਗੇ ਆਇ ਪ੍ਰਭੂ ਕੇ ਪਾਸ॥
ਸੁਤ ਮੂਆ ਭੇਜੀ ਸੀਆ ਟੂਟ ਗਿਆ ਧਰਵਾਸ ॥

ਭਜਨ

ਦਲਾਂ ਮੈਂ ਰੋਵੇ ਕੌਣ ਨਾਰੀ ॥ ਕਹੇ ਰਘਬੀਰ ਹਨੂ ਜਾਵੋ ॥ ਟੇਕ॥ ਹਨੂ ਤੁਮ ਡੇਰ ਨਹੀਂ ਲਾਵੋ॥ ਹਾਲ ਸਭ ਉਨਕਾ ਪੁਛ ਆਵੋ॥ ਬੇਗ ਆ ਹਮ ਕੋ ਬਤਲਾਵੋ॥ ਕਟੂੰ ਉਸਕੀ ਬਿਪਤਾ ਸਾਰੀ॥ ੧ ॥ ਬਚਨ ਸੁਣਕੇ ਹਨਵਤ ਧਾਇਆ ॥ ਪਾਸ ਉਸ ਡੋਲੀ ਕੇ ਆਇਆ॥ ਸ਼ੋਰ ਕਿਉਂ ਬੀਚ ਦਲਾਂ ਪਾਇਆ ॥ ਬਨਾ ਕੀ ਦੁਖ ਇਸ ਦੁਖਿਆਰੀ॥ ੨ ॥ ਕਪੀ ਸੁਣ ਕਹਿ ਦਾਸੀ ਬਾਣੀ। ਏਹੀ ਹੈ ਇੰਦ੍ਰ ਜੀਤ ਰਾਣੀ ॥ ਮਿਲਨ ਚਾਹਤੀ ਸਾਰੰਗ ਪਾਣੀ ॥ ਬਣੀ ਇਸ ਪਰ ਬਿਪਤਾ ਭਾਰੀ ॥ ੩ ॥ ਚਲਾ ਹਨਵੰਤੁ ਜੋ ਭੇਦ ਪਾਕੇ ॥ ਪਤਾ ਉਸ ਡੋਲੀ ਕਾ ਲਾਕੇ॥ ਕਹੇ ਰਘਬਰ ਕੋ ਸਿਰ ਨਾਕੇ ॥ ਬਾਤ ਸੁਣੋ ਭੁਗਤ ਹਿਤਕਾਰੀ॥ ੪ ॥ ਨਾਰ ਹੈ ਮੇਘ

ਨਾਂਦ ਆਤੀ ॥ ਆਪ ਕੇ ਦਰਸਨ ਕੋ ਚਾਹਤੀ ॥ ਜੈਂਤੀ ਜਸ ਰਾਮ ਮੁਖੋਂ ਗਾਤੀ॥ਪਤੀਕੇ ਦੁੱਖ ਦਰਦ ਮਾਰੀ ॥੫॥

ਦੋਹਰਾ

ਦੀਨਾਨਾਥ ਨੇ ਬਚਨ ਸੁਣ ਕਿਹਾ ਬਭੀਖਨ ਬੋਲ ॥
ਵਿਧਵਾ ਕੋ ਜਾ ਭਗਤ ਤੁਮ ਲਿਆ ਹਮਾਰੇ ਕੋਲ ॥

ਛੰਦ

ਦੇਖੀ ਸੁਤ ਕੀ ਨਾਰ ਸਲੋਚਨ ਭਗਤ ਭਬੀਖਨ ਨੈਣ ਭਰੇ॥ਮੋਹਕੀ ਅਨਲ ਉੱਠੀ ਤਨਮੇਂ ਤਕਕੇ ਤਨ ਭਾਰੀ ਰੁਦਨ ਕਰੇ ॥ ਨਾਸ ਕੀਆ ਨਿਸਚਰ ਨੇ ਕੁਲ ਕਾ ਅਬ ਤਕ ਮੂਰਖ ਨਾਹਿ ਡਰੇ ॥ ਬਨ ਮੈਂ ਬਹੂ ਬਿਲਕਤੀ ਆਵੇ ਜੀਤੇ ਜੋ ਸਬ ਅਸੁਰ ਮਰੇ ॥ ਸਾਥ ਸਲੋਚਨ ਲਈ ਭਗਤ ਭਗਵਤ ਕੇ ਚਰਨੀ ਸੀਸ ਧਰੇ ॥ ਜੈਂਤੀ ਸਤੀ ਖੜੀ ਆ ਸਨਮੁਖ ਰਲਿਆ ਜਪ ਮੁਖ ਹਰੇ ਹਰੇ॥

ਭਜਨ

ਕਿਉਂ ਰੋਤੀ ਨਾਗ ਦੁਲਾਰੀ ਪਿਆਰੀ ਕੈ ਦੇ ਅਪਨਾਹਾਲ ॥ ਟੇਕ ॥ ਕਰ ਆਦਰ ਬਠਾਈ ਫੇਰ ਬੋਲੇ ਰਘੁਰਾਈ ਕੈਸੇ ਬੀਚ ਦਲ ਆਈ ਮੇਰੇ ਜੀ ॥ ਕਿਉਂ ਵਿਧਵਾ ਕਾ ਵੇਸ ਬਨਾਇਆ ਕਿਉਂ ਖੋਲੇ ਗਲ ਵਾਲ॥ਲਗੇ ਪੂਛਨ ਅਵਧ ਬਿਹਾਰੀ ॥ ੧ ॥ ਰਾਨੀ ਕਰੇ ਵਿਰਲਾਪ ਮੇਰੇ ਉਦੇ ਹੂਏ ਪਾਪ ਪਿਆ ਕਿਸੇ ਕਾ ਸਰਾਪ ਮੈਨੂੰ ਜੀ ॥ ਪੀਆ ਮੂਆ ਪਤ ਗਈ ਹਮਾਰੀ ਸਬ ਸੁਖ ਲੈ ਗਿਆ

ਨਾਲ ॥ ਰਹੀ ਪਾਛੇ ਮੈ ਹਤਿਆਰੀ ॥ ੨ ॥ ਮੁਖੋਂ ਬੋਲੇ ਭਗਵਾਨ ਕੈਸੇ ਕਰੀ ਤੂੰ ਪਛਾਨ ਕੌ ਖੋਲ ਕੇ ਜਬਾਨ ਬਾਤ ਜੀ ॥ ਮਤ ਰੋਵੇ ਅਬ ਧੀਰ ਧਰੋ ਮਨ ਬੈਠੋ ਸੁਰਤ ਸਮਾਲ॥ਸੁਨੀਓ ਸਚਬਾਤਹਮਾਰੀ॥੩॥ ਮੁਖੋਂ ਬੋਲੀਨਾਗ ਜਾਈ ਲਿਖੀ ਭੁਜਾ ਨੇ ਲੜਾਈ ਤਾਂ ਮੈ ਪਾਸ ਤੇਰੇ ਆਈ ਚਲ ਜੀ ॥ ਦੇਉ ਸੀਸ ਜਗਦੀਸ ਪਤੀ ਕਾ ਮੇਰਾ ਏਹੀ ਸਵਾਲ ॥ ਮੇਰੇ ਸਿਰ ਬਨੀ ਲਚਾਰੀ ॥ ੪ ॥ ਜੈਸੇ ਹੂਆ ਸੰਗਰਾਮ ਲਿਖਾ ਭੁਜਾ ਨੇ ਤਮਾਮ ਤਾਂਈਏ ਦੇਖਲੀਆ ਧਾਮ ਤੇਰਾ ਜੀ॥ ਜੈਤੀਂ ਸੁਨਕੇ ਸਬੀ ਸੂਰਮੇ ਪੜੇ ਭਰੰਮ ਕੇ ਜਾਲ ॥ ਰਲਿਆ ਸੋਚਨ ਬਲਕਾਰੀ ॥ ੫ ॥

ਸ਼ਿਹਰ ॥ ਸੈਨਾ ਕੇ ਸਰਦਾਰ ਬੋਲੇ ਅਰਜ ਸੁਨੀ ਓ ਪਤ ਸੀਆ ॥ ਕੈਸੇ ਦਲ ਕਾ ਹਾਲ ਸਾਰਾ ਕਾਟੀ ਭੁਜ ਨੇ ਲਿਖ ਦੀਆ॥ ਕਰੇਂਗੇ ਪ੍ਰਤੀਤ ਤਬ ਹਮ ਦਲ ਹਸੇ ਇਨਕਾ ਪੀਆ ॥ ਨਈ ਤੋ ਹੈ ਸਬ ਬਾਤ ਝੂਠੀ ਜਾਨਤਾ ਹਮਰਾ ਜੀਆ ॥ ਰਘੁਨਾਥ ਕਹਿ ਸਰਲੋਚਨਾ ਕਪੀਆਂ ਨੇ ਮਨ ਏਕਾ ਕੀਆ ॥ ਸਤੀ ਸੰਸਾ ਮੇਟ ਸਬਕਾ ਜੈਂਤੀ ਖੁਸ਼ ਹੋਵੇ ਹੀਆ।

॥ ਦੋਹਰਾ ॥

ਸਨਮੁਖ ਸਿਰ ਕੇ ਬੈਠ ਕੇ ਲੇਤੀ ਠੰਡੇ ਸਵਾਸ ॥
ਆਂਸੂ ਭਰ ਕੈਹਨੇ ਲਗੀ ਮੁਖ ਮੇ ਲੀਨਾ ਘਾਸ ॥

॥ ਭਜਨ ॥

ਪਤੀ ਸੁਨ ਬਾਤ ਮੇਰੀ ਧਰ ਧਿਆਨ॥ ਟੇਕ ॥ ਮੈਂ ਅਨਾਥ ਹਾਂ ਸਾਥ ਨ ਕੋਈ ਬਿਪਤ ਪੜੀ ਸਿਰ ਆਨ ॥ ਕਿਰਪਾ ਕਰੋ ਹਰੋ ਦੁਖ ਹਮਰੇ ਮੈ ਦੁਖਿਆਰੀ ਜਾਨ॥੧॥ ਦਲ ਮੇਂ ਲਾਜ ਆਜ ਰਖ ਮੇਰੀ ਤੇਰੀ ਨਾਰ ਪਛਾਨ ॥ ਪਤੀ ਸਤੀ ਕੀ ਇਜਤ ਰਖਨੀ ਨਈ ਤਜ ਦੇਊਂ ਪਰਾਨ ॥ ੨ ॥ ਇਸ ਦਲ ਮਾਹੀਂ ਪ੍ਰੀਤ ਨਭਾਈ ਬੈਠੇ ਸਬ ਬਲਵਾਨ ॥ ਅਬ ਮੈ ਡੋਲੀ ਪਾਲੋ ਬੋਲੀ ਬੋਲੀ ਨਾਲ ਜਬਾਨ ॥ ੩ ॥ ਸੁਨ ਸਿਰ ਹਸਿਆ ਸੰਸਾ ਨਸਿਆ ਦੇਵ ਹੂਏ ਭੈ ਮਾਨ ॥ ਸੈਨਾ ਡਰ ਗਈ ਸਬ ਚੁਪ ਕਰ ਗਈ ਆਖਨ ਆ ਭਗਵਾਨ ॥ ੪ ॥ ਬੰਦ ਕਰਾਵੇ ਪ੍ਰਾਨ ਬਚਾਵੇ ਬੇਗ ਕਰੋ ਕਲਿਆਨ॥ ਏ ਸਿਰ ਗਰਜੇ ਹਿਰਦਾ ਲਰਜੇ ਜੈਂਤੀ ਰਾਮ ਮੁਸ਼ਕਾਨ ॥ ੫ ॥

ਦੋਹਰਾ

ਸਤ ਸਤਲੋਚਨ ਦੇਖ ਕੇ ਕਪੀਆਂ ਕਰੀ ਪੁਕਾਰ ॥
ਨਾਥ ਹਾਥ ਦੇ ਰਾਖੀਓ ਆਇ ਗਿਆ ਅਤਬਾਰ ॥

॥ ਭਜਨ ॥

ਸੀਸ ਕਏ ਰਘਬਰ ਮੰਗਵਾਇਆ ॥ ਦੇਖ ਸਤੀ ਕੀ ਦਸ਼ਾ ਰਾਮ ਕੇ ਨੈਨੀ ਜਲ ਛਾਇਆ ॥ ਟੇਕ ॥ ਸਰ ਲੋਚਨ ਸੁਨੇਂ ਕਾਨ ਕਰਕੇ॥ਜੇ ਕਏਂ ਪਤੀ ਜਵਾਊਂ ਤੇਰਾ ਸਾਥ ਵਸੇ ਵਰਕੇ ॥ ਮਿਲੇ ਕੀ ਸੁਖ ਤੁਮ ਕੋ ਮਰ ਕੇ ॥ ਹਾਥ ਜੋੜਕੇ ਸਤੀ ਕਹੇ ਫਿਰ ਦੋਨੋ ਦ੍ਰਿਗ ਭਰਕੇ॥ ਜੋੜ

ਕਰ ਪਾਉਂ ਪੜ੍ਹੀ ਹਰਕੇ॥ ਦਾਤਾ ਤੁਮ ਸਮਾਨ ਨਹੀਂ ਦੂਜਾ ਦੇਖਿਆ ਧਿਆਨ ਧਰਕੇ॥ ਨਾ ਭੂਖੇ ਤੁਮ ਜੋਬਨ ਜਰਕੇ॥ ਮੈਂ ਸੰਗ ਸਤੀ ਪਤੀ ਕੇ ਹੋ ਜਾਊਂ ਨਹੀ ਸੁਖ ਵਿਚ ਘਰ ਕੇ ਜੀ॥ ਦੋਹਰਾ

ਮੁਕਤੀ ਪਦ ਕੋ ਛੋੜ ਕਰ ਲੇਵੇ ਕੌਣ ਵਿਰਾਗ॥
ਤਜ ਗੰਗਾ ਨ੍ਹਾਏ ਕੂਏ ਉਸਕੇ ਮੰਦੇ ਭਾਗ॥
ਆਗ ਮੇਂ ਜਾਨ ਪੈਰ ਪਾਇਆ॥ ੧॥

ਬਚਨ ਸੁਣ ਬੋਲੇ ਰਘੁਰਾਈ॥ ਦੀਆ ਸਤੀ ਕੋ ਸੀਸ ਹਰੀ ਨੇ ਡੇਰ ਨਹੀ ਲਾਈ॥ਦਇਆ ਜਬ ਦਿਲ ਅਪਨੇ ਆਈ॥ ਜੈ ਜੈ ਹੋ ਜਗਦੀਸ਼ ਤੁਮਾਰੀ ਮੈਂ ਹਮਾ ਮੁਖਗਾਈ॥ ਭੀਖ ਨਿਰਧਨ ਕੋ ਆਜ ਪਾਈ॥ ਡੋਲੀ ਮੇਂ ਧਰ ਸੀਸ ਪਤੀ ਕਾ ਖੁਸ਼ੀ ਜਿਗਰ ਛਾਈ॥ ਕਰੀ ਫਿਰ ਲੰਕਾ ਕੋ ਧਾਈ॥ ਸਿੰਧ ਕਨਾਰੇ ਜਾਇ ਸਤੀ ਨੇ ਚਿਖਾ ਵੀ ਰਚਵਾਈ ਜੀ॥

ਦੋਹਰਾ

ਨਰ ਨਾਰੀ ਆਏ ਸਭੀ ਜਹਾਂ ਸਰਲੋਚਨ ਨਾਰ॥ ਦੇਖ ਸਤੀ ਕੇ ਹਾਲ ਕੋ ਕਰਤੇ ਹਾਹਾਕਾਰ॥ ਪਾਸ ਆ ਸਾਸੂ ਸਮਝਾਇਆ ॥ ੨ ॥ ਮੰਦੋਦਰ ਆਕੇ ਸਮਝਾਤੀ॥ ਮਤ ਬੇਟੀ ਜਲ ਬੀਚ ਅਗਨ ਕੇ ਫਟੇ ਮੇਰੀ ਛਾਤੀ ॥ ਸਬਰ ਕਰ ਹਿਰਦੇ ਸੇ ਲਾਤੀ ॥ ਤੇਰਾ ਦੇਖ ਹਵਾਲ ਲਗੇ ਸੀਨੇ ਮੇਰੇ ਕਾਤੀ॥ ਰਾਤ ਦਿਨ

ਨੀਂਦ ਨਹੀ ਆਤੀ ॥ ਹੋਣਹਾਰ ਹੋ ਗਈ ਮਿਟੇ ਨਾ ਤੁਮ ਕਿਉਂ ਪਛਤਾਤੀ ॥ ਸਤੀ ਕਹੇ ਮੁਖ ਸੇ ਬਤਲਾਤੀ ॥ ਸਾਸੂ ਤੇਲ ਨਾ ਹੈ ਦੀਪਕ ਮੇਂ ਕਿਆ ਕਰੇ ਬਾਤੀ ਜੀ ॥

ਦੋਹਰਾ

ਬਹੂ ਬਚਨ ਮੇਰਾ ਸੁਣੋ ਪੈਹਨੋ ਸਭ ਸ਼ਿੰਗਾਰ । ਰਾਜ ਭਾਗ ਤੇਰਾ ਸਭੀ ਸਭ ਤੁਮਰੇ ਅਖਤਿਆਰ ॥ ਮਰਨ ਕਿਉਂ ਤੁਮਰੇ ਮਨ ਭਾਇਆ ॥ ੩ ॥

ਸਰੁਲੋਚਨ ਜੋੜ ਕਹੇ ਕਰ ਜੀ ॥ ਘੜੀ ਘੜੀ ਨਾ ਸਾਸ ਕਹੌ ਮੈ ਨਾ ਰੈਹਣਾ ਵਰ ਜੀ ॥ ਪਤੀ ਸੰਗ ਸਾਥ ਕਰਾਂ ਮਰ ਜੀ ॥ ਪੀਆ ਗਿਆ ਮਰ ਬਾਲ ਨਹੀ ਘਰ ਰਹੂੰ ਕਿਸਕੇ ਦਰ ਜੀ ॥ ਸੁਸਰ ਹੈ ਆਗੇ ਅਲਗਰਜੀ ॥ ਏ ਵੇਲਾ ਫਿਰ ਹਾਥ ਨਾਂ ਆਵੇ ਖਰਚੂੰ ਲਖ ਜਰ ਜੀ ॥ ਟੂਟ ਗਏ ਜੋ ਅਸਲੀ ਪਰ ਜੀ ॥ ਭਗਵਤ ਬਖਸ਼ਿਆ ਸੀਸ ਪਤੀ ਕਾ ਕਰ ਕਿਰਪਾ ਹਰ ਜੀ ॥

ਦੋਹਰਾ

ਸੋਹੈ ਸੁਰਤ ਲਗਾਇਕੇ ਜਪੇ ਜਾਪ ਜਗਦੀਸ਼ ॥
ਜੈਂਤੀ ਸੁਨ ਕਰ ਹਾਲ ਸਭ ਆਇ ਗਿਆ ਭੁਜ ਬੀਸ ॥
ਸੀਸ ਧੁਨ ਰਾਵਨ ਪਛਤਾਇਆ ॥ ੪ ॥

ਸ਼ੇਹਰ

ਦੇਖ ਸੁਤ ਕੀ ਨਾਰ ਰਾਵਣ ਕਲਪਿਆ ਮਨ ਮੇਂ ਅਤੀ।
ਲਾਜ ਮੇਰੀ ਹਾਥ ਤੇਰੇ ਬੇਟੀ ਮਤ ਹੋਣਾ ਸਤੀ ।

ਪਿਤਾ ਜੀ ਪਤ ਗਈ ਉਸਦਮ ਜਬਮੁਇਆ ਮੈਰਾਪਤੀ।
ਜੈਂਤੀਕਰਦੀ ਸੁਖਨਸਨਮੁਖ ਰਲਿਆ ਨਾ ਡਰਤੀ ਰਤੀ।

ਭਜਨ

ਬੈਠ ਗਈ ਸਰਲੋਚਨ ਰਾਨੀ ਕਰਕੇ ਚਿਖਾ ਤਿਆਰ ॥ ਟੇਕ ॥ ਛੰਦ ਲਾਵਣੀ ॥ ਭੁਜਾ ਲਈ ਧਰ ਕੋਲ ਤੋਂ ਸੀਸ ਟਕਾਇਆਂ ॥ ਮੁਖ ਸੇ ਜਪਤੀ ਹਰੀਨਾਮ ਜਾ ਆਸਨ ਲਾਇਆ॥ ਫਿਰ ਕਹੇ ਊਸਰਕੋ ਮੇਰਾਪਤੀ ਖਪਾ-ਇਆ॥ਮੇਰੇ ਸੰਗ ਕਰਕੇ ਪਾਪ ਤੋ ਕੀ ਹਥ ਆਇਆ ॥

ਸ਼ਿਹਰ ॥ ਤਾਈ ਤੁਮ ਨੇ ਜਾਨ ਮੇਰੀ ਜਾਨਤੀ ਮੈਂ ਜਾਨਕੇ॥ ਬਦਨ ਮੇਰੇ ਬਾਨ ਮਾਰੇ ਸੁਤ ਕੀ ਨਾਰ ਪਛਾਨਕੇ ॥ ਝੜੀ ॥ ਭਰ ਨੈਣ ਸਲੋਚਨ ਰੋਈ॥ ਨਹੀਂ ਮੇਰਾ ਲੋਕ ਮੇਂ ਕੋਈ॥ਪਿਤਾ ਵੇਲ ਜ਼ੈਹਰ ਕੀ ਬੋਈ ॥ਮਾਰੇਗੀ ਆਖਰ ਸੋਈ ॥ ਸ਼ਿਹਰ

ਜਾਨਕੇ ਜਿਨ ਪਾਪ ਕੀਨਾ ਜਾਨ ਉਸਕੀ ਜਾਵਸੀ ॥
ਜੋ ਦੁਖਾਵੇ ਦਿਲ ਕਿਸੀ ਕਾ ਸੋ ਵੀ ਸੁਖ ਨਾ ਪਾਵਸੀ ॥
ਹਾਥ ਅਪਨੇ ਊਲ ਲਾਕੇ ਦਾਖ ਕਿਸ ਬਿਧ ਖਾਵਸੀ ॥
ਪੜੇਗੀ ਮਾਲੂਮ ਉਸ ਦਿਨ ਕਾਲ ਜਬ ਸਿਰ ਆਵਸੀ॥

ਮਲਾਨ ॥ ਕੀਤਾ ਖੋਟਾ ਕਰਮ ਨਾ ਆਈ ਸ਼ਰਮ ਹੋਇਓਂ ਬੇ ਧਰਮ ਬੀਚ ਬਨ ਹਰੀ ਬਗਾਨੀ ਨਾਰ ॥ ਬੈਠ ਗਈ॥ ੧ ॥ ਛੰਦ ਲਾਵਣੀ ॥ ਸੁਣੋ ਸਹੇਲੀ ਬਚਨ ਰਿਦੇ ਮੈਂ ਧਰਨਾ॥ ਕੋਈ ਦਿਨ ਜੀਊਂਣਾ ਜਗ

ਬੀਚ ਹੈ ਆਖਰ ਮਰਨਾ॥ ਰਖਨੀ ਅਪਨੇ ਮਨ ਦਇਆ
ਦਾਨ ਨਿਤ ਕਰਨਾ ॥ ਭਗਵਤ ਕਾ ਜਪਨਾ ਜਾਪ ਜੇ
ਸਾਗਰ ਤਰਨਾ ॥ ਸ਼ੇਹਰ
ਸੱਤ ਕਰ ਪਰਤੀਤ ਮੇਰੀ ਪ੍ਰੀਤ ਹਰ ਸੇ ਲਾਵਨੀ ॥
ਕਾਂਇਆ ਮਾਇਆ ਧੂੜ ਸਮਝੇ ਸਾਥ ਨਾ ਕੋਈ ਜਾਵਨੀ।
ਝੜੀ ॥ ਕੋਈ ਪਲਕ ਝਲਕ ਕਾ ਰੈਣਾ॥ ਨਹੀ
ਸਦਾ ਮੰਦਰ ਮੈ ਬੈਣਾ ॥ ਜਦ ਮੌਤ ਨਮਾਣੀ ਪੈਣਾ ॥
ਭੰਨ ਤਾਕੀ ਲੈ ਜਾਇ ਮੈਨਾ ॥ ਸ਼ੇਹਰ
ਪੈਣਗੇ ਸਭ ਕਾਲ ਕੇ ਮੁਖ ਜਾਨਗੇ ਸ਼ਮਸਾਨ ਕੋ ॥
ਕਰਨਗੇ ਜੋ ਭਜਨ ਭਗਵਨ ਮਿਲਨਗੇ ਭਗਵਾਨ ਕੋ॥
ਕਰਤੇ ਨਿੰਦ੍ਰਾ ਈਰਖਾ ਅਰ ਬੇਚੇਂ ਧਰਮ ਈਮਾਨ ਕੋ ॥
ਨੇਕੀ ਕਾ ਨਹੀਂ ਕਾਮ ਕੀਨਾ ਰਚਤੇ ਕੂੜ ਤੁਫਾਨ ਕੋ ॥
ਮਲਾਨ ॥ ਜਿਨਾ ਨੇ ਭਗਤੀ ਕਰੀ ਪਾਸ਼ ਗਏ ਹਰੀ
ਰਈ ਨ ਡਰੀ ਗਏ ਸਾਰੀ ਕੁਲ ਅਪਨੀ ਤਾਰ ॥ ਬੈਠ
ਗਈਃ॥ ੨ ॥ ਛੰਦ ਲਾਵਣੀ
ਸਾਸੂ ਸੁਨ ਮੇਰਾ ਸਭੀ ਸੰਗਾਰ ਮੰਗਾਵੇ ॥ ਏ ਕਰਨਾ
ਜਲਦੀ ਕਾਮ ਡੇਰ ਮਤ ਲਾਵੇ ॥ ਲਿਆ ਭੂਖਨ ਬਸਤ੍ਰ
ਮੇਰੇ ਅੰਗ ਸਜਾਵੇ ॥ ਤੁਮ ਬਸੋ ਲੰਕ ਮੇਂ ਅਪਨਾ ਰਾਜ
ਕਮਾਵੇ ॥ ਸ਼ੇਹਰ
ਮਾਨ ਕੈਹਣਾ ਸਾਸ ਨੇ ਦਾਸੀ ਕੋ ਕਿਹਾ ਪੁਕਾਰ ਜੀ ॥
ਮੈਹਲ ਮੇ ਜਾ ਦੌੜਕੇ ਗੈਹਣੇ ਕਾ ਲਿਆ ਪਟਾਰ ਜੀ ॥

ਝੜੀ ॥ ਦਾਸੀ ਸੁਣਕੇ ਉਠ ਧਾਈ ॥ ਮੰਨ ਹੁਕਮ ਡੇਰ ਨਹੀਂ ਲਾਈ॥ ਰਾਣੀ ਕੀ ਆਗਿਆ ਪਾਈ॥ਗੈਹਣੇ ਕੀ ਪਟਾਰੀ ਲਿਆਈ ॥

ਸ਼ੇਹਰ

ਆਗੇ ਧਰਿਆ ਖੋਲ ਡੱਬਾ ਗੈਹਣੇ ਤਨ ਪਾਵਨ ਲਗੀ।
ਪਹਿਰਕੇ ਬਸਤ੍ਰ ਬਦਨ ਜਸ ਰਾਮ ਕਾ ਗਾਵਣ ਲਗੀ।
ਹਾਥ ਲੈ ਨਰਯਿਲ ਦੋਨੋਂ ਪਾਨ ਮੁਖ ਖਾਵਣ ਲਗੀ।
ਖਿੜਖੜਾਕਰ ਹਸੈ ਮੁਖਸੇ ਮੈਂਹਦੀ ਕਰ ਲਾਵਨ ਲਗੀ।

ਮਲਾਨ ॥ ਦੁਨੀਆਂ ਰੋਵੇ ਖੜੀ ਸਤੀ ਸਤ ਚੜੀ ਚਿਖਾ ਮੇਂ ਵੜੀ ਕਰੀ ਤਬ ਸਭ ਨੇ ਹਾ ਹਾ ਕਾਰ ॥ ਬੈਠ ਗਈਃ ॥ ੩ ॥

ਛੰਦ ਲਾਵਣੀ

ਆ ਖੜੇ ਚਿਖਾ ਦੇ ਪਾਸ ਸਭੀ ਨਰ ਨਾਰੀ ॥ ਰਾਵਣ ਕੋ ਮਨ ਮੇਂ ਕਲਪ ਦੇਣ ਲਗੇ ਗਾਰੀ॥ ਚਹੁੰਓਰ ਚਿਖਾ ਕੇ ਭੀੜ ਜੁੜੀ ਅਤ ਭਾਰੀ ॥ ਲਾ ਦਈ ਚਿਖਾ ਕੋ ਆਗ ਗਈ ਹੋ ਜਾਰੀ ॥

ਸ਼ੇਹਰ

ਹੋਗਈ ਪ੍ਰਚੰਡ ਅਗਨੀ ਲਾਟ ਲਾਗੀ ਗਗਨ ਮੈਂ॥
ਜੋਤ ਮੇ ਜਾ ਜੋਤ ਰਲਗਈ ਕਾਇਆਂ ਜਲ ਗਈ ਅਗਨ ਮੈ॥

ਝੜੀ ॥ ਸਤ ਦੇਖ ਸਤੀ ਕਾ ਸਾਰੇ ॥ ਚੁਪ ਕਰ ਗਏ ਅਸੁਰ ਵਚਾਰੇ ॥ ਕਰੇ ਪਾਪ ਭੂਪ ਨੇ ਭਾਰੇ ॥ ਕਿਸਮਤ ਕੇ ਝੜੇ ਸਤਾਰੇ ॥

ਸ਼ੇਹਰ

ਸਤ ਸਲੋਚਨ ਕਾ ਸੁਨਾਇਆ ਸੁਨੀਓ ਚਤ੍ਰ ਸੁਜਾਨ ਜੀ।
ਤੁਲਸੀ ਕੀ ਕ੍ਰਿਤ ਦੇਖਕੇ ਭਜਨੋਂ ਮੇ ਕਹੀ ਬਖਾਨ ਜੀ।

ਕਵਿਤਾ ਕਾ ਘਰ ਦੂਰ ਸਮਝੋ ਨਹੀ ਇਲਮਕਾ ਮਾਨਜੀ
ਛੰਦ ਰਚਨੇ ਕੀ ਨਾ ਤਾਕਤ ਜੈਂਤੀ ਕਾ ਵਰ ਦਾਨ ਜੀ ॥
ਮਲਾਨ ॥ ਸਤਗੁਰ ਚਰਨੀ ਲਾਗ ਮਿਟਾ ਦਿਲ
ਦਾਗ ਰਲੇ ਕੇ ਭਾਗ ਜਾਗ ਪਏ ਕੀਤੀ ਜਦੋਂ ਵਿਚਾਰ ॥
ਬੈਠ ਗਈਃ ॥ ੪ ॥

ਦੋਃ ॥ ਸਤੀ ਪਤੀ ਸੰਗ ਹੋਗਈ ਸੁਨੀ ਸਲੋਚਨ ਨਾਰ ॥
ਸੁਰ ਪੁਰ ਗਈ ਬਿਬਾਂਨ ਚੜ੍ਹ ਜਸ ਫੈਲਾ ਸੰਸਾਰ ॥

ਦੋਹਰਾ

ਪੁਤ੍ਰ ਬਧੂ ਕੀ ਬਾਤ ਜਬ ਸੁਨੀ ਕਾਂਨ ਲੰਕੇਸ਼ ॥
ਸੀਸ ਪਟਕ ਕਰ ਗਿਰ ਪੜਾ ਕਰਨੇ ਲਗਾ ਕਲੇਸ਼ ॥

ਭਜਨ

ਸੀਸ ਧੁਨ ਤਬ ਦਸਮੁਖ ਰੋਇਆ ॥ ਬਾਤ ਸੁਨ ਸੁਤ
ਬਧੂ ਮਰਨੇ ਕੀ ॥ ਟੇਕ ॥ ਮੇਰਾ ਸੁਤ ਸੀ ਆਗਿਆ
ਕਾਰੀ ॥ ਅਸੁਰ ਸੁਰ ਜੀਤੇ ਬਲਕਾਰੀ ॥ ਈਨ ਸਬ
ਭਰਦੇ ਨਰ ਨਾਰੀ ॥ ਨਾ ਅਜ ਤਕ ਕੋਈ ਸਨਮੁਖ
ਹੋਇਆ ॥ ੧ ॥ ਇੰਦ੍ਰ ਤੋਂ ਆਦ ਦੇਵ ਭਾਰੇ॥ ਸੇਵਾ ਸਨ
ਕਰਦੇ ਸਬ ਦ੍ਵਾਰੇ ॥ ਗਏ ਹੋ ਅਬ ਦੁਸ਼ਮਨ ਸਾਰੇ ॥
ਜਾਨ ਕਰ ਮੇਘ ਨਾਦ ਮੋਇਆ ॥ ੨ ॥ ਨਹੀ ਸੀ ਕੋਈ
ਉਸਦੇ ਸਾਂਨੀ ॥ ਵਰਨ ਘਰ ਨਿਤ ਭਰਦਾ ਪਾਨੀ ॥
ਗਿਆ ਹੋ ਆਜ ਸੋਈ ਫਾਂਨੀ । ਤਾਂਨ ਪਗ ਵਿਚ ਜੰਗਲ
ਸੋਇਆ ॥ ੩ ॥ ਮੰਦੋਦਰ ਬਹੁ ਹਿਰਦਾ ਕੂਟੇ ॥ ਮੇਰੇ

ਸੁਖ ਸਬ ਭਰਤੇ ਲੂਟੇ॥ ਜੈਂਤੀ ਕਹੇ ਭਾਗ ਭਾਲ ਫੂਟੇ॥
ਸੀਸ ਮਹੀ ਮਾਰ ਨਾਰ ਖੋਹਿਆ ॥ ੪ ॥

ਦੋਹਰਾ

ਨਰ ਨਾਰੀ ਸਮਝਾਵਤੇ ਰਾਂਨੀ ਧਰ ਮਨ ਧੀਰ ॥
ਦੋਸ਼ ਕਿਸੀ ਕਾ ਹੈ ਨਹੀ ਮੰਦ ਭੂਪ ਤਕਦੀਰ ॥

ਸ਼ੇਹਰ

॥ ਮਰਨਾ ਸੱਤ ਨਾ ਝੂਠ ਸਮਝੋ ਸੁਪਨ ਸਮ ਏਹ ਖੇਲ ਹੈ॥ ਖੇਲ ਹੈ ਸਬ ਦੋ ਦਿਨਾਂ ਕੀ ਦੀਪ ਮੇਂ ਜਬ ਤੇਲ ਹੈ॥ ਤੇਲ ਤਨ ਮੇਂ ਨਾ ਰਹੇ ਜਬ ਸ੍ਵਾਸ ਸੂਕੀ ਵੇਲ ਹੈ ॥ ਵੇਲ ਕਾਟੀ ਕਾਲ ਨੇ ਜਬ ਹੋਨਾ ਫੇਰ ਨਾ ਮੇਲ ਹੈ॥ ਮੇਲ ਹੋਗਾ ਮੁਰਦਿਆਂ ਸੇ ਟੂਟੀ ਤਨ ਕੀ ਰੇਲ ਹੈ। ਰੇਲ ਰਲਿਆ ਨਾ ਰਹੇਗੀ ਮੌਤ ਰਹੀ ਸਿਰ ਪੇਲ ਹੈ॥

ਇਤੀ

ਪਤਾ ਪੁਸਤਕ ਮਿਲਨੇ ਕਾ
ਸ਼ਹਿਰ ਅਮ੍ਰਿਤਸਰ ਕਿਲਾ ਭੰਗੀਆਂ
ਪਾਸ ਭਗਤ ਰਲਿਆ ਰਾਮ

ਦ੍ਰੋਪਤੀ ਲੀਲਾ

(ਕ੍ਰਿਤ ਕਵਿ ਦੇਵਾ ਰਾਮ ਜੀ)

ਜਿਸਨੂੰ

ਰਾਇਸਾਹਿਬ ਮੁਨਸ਼ੀਗੁਲਾਬਸਿੰਘ
ਐਂਡ ਸ੍ਨਜ਼

ਮਾਲਕਾਨ ਪੰਜਾਬ ਸੈਂਟਰਲ ਬੁਕਡਿਪੋ
ਵ ਮੁਫ਼ੀਦ ਆਮ ਪ੍ਰੇਸ ਲਾਹੌਰ ਨੇ
ਲਾਲਾ ਮੋਤੀਰਾਮ ਮੈਨੇਜਰ ਕੇ
ਅਧਿਕਾਰ ਸੇ ਛਪਵਾਇਆ
ਸੰਮਤ ਨਾਨਕ ਸ਼ਾਹੀ ੪੪੧

ੴਸਤਿਗੁਰਪ੍ਰਸਾਦਿ ॥

ਅਥ ਦਰੋਵਤੀ ਲੀਲ੍ਹਾ

ਕ੍ਰਿਤ ਕਵਿ ਦੇਵਾਰਾਮ

ਕਬਿੱਤ ॥ ਸਾਰਦ ਸਰਨ ਡਿਗਜਾ ਗੁਰਾਂ ਕੇ ਚਰਨ ਵਿਚ ਅਬਲ ਧਰੂੰ ਧਯਾਨ ਗੌਰੀ ਕੇ ਗਣੇਸ਼ ਦਾ ॥ ਬਿਘਨ ਹਰਨ ਅਘਟਰਨ ਅਨੇਕ ਰੋਗ ਫੇਰ ਮੈਂ ਧਯਾਊਂ ਨਾਮ ਨਾਗਾਂ ਪਤੀ ਸੇਸਦਾ॥ ਬਰਮਾ ਮਹੇਸ਼ ਔ ਦਨੇਸ਼ ਕੋ ਨਮਾਊਂ ਸੀਸ ਦਿਨੇ ਔਰ ਰਾਤ ਮੈਨੂੰ ਆਸਰਾ ਜਗੇਸ਼ ਦਾ ॥ ਹੱਥ ਜੋੜ ਬੰਧਨਾ ਕਰੇਂਦਾ ਸਾਰੇ ਦੇਵਤਜਾਂਨੂੰ ਕਾਰਜ ਸਮਰ ਜਾਵੇ ਦੇਵੇ ਦਰਵੇਸ਼ ਦਾ ॥ ੧ ॥ ਕਬਿੱਤ ॥ ਇੰਦਰ ਪਰਸਤ ਵਿਚ ਪਾਂਡਵਾਂ ਨੇ ਜੱਗ ਕੀਤਾ ਦੇਸ ਪਰਦੇਸ ਦੇ ਜੋ ਰਾਜਨ ਬੁਲਾਏ ਹੈਂ ॥ ਜੁਗੀ-ਸ਼ਰ ਮੁਨੀਸ਼ਰ ਤਪੱਸੀ ਜਤੀ ਸਤੀ ਆਏ ਰਿਧਾਂ ਸਿਧਾਂ ਆਣ ਕੇ ਤੇ ਕਾਰਜ ਰਚਾਏ ਹੈਂ ॥ ਪੂਰੀ ਪਰਸਾਦ ਲੱਡੂ ਨੁਗਦੀ ਪਤਾਸੇ ਪੇੜੇ ਘੇਵਰ ਜਲੇਵ ਛੱਤੀ ਭੋਜਨ ਬਨਾਏਹੈਂ ॥ ਹਸਤ-ਨਾ ਪਰੀ ਤੋਂ ਮਗਵਾਯਾ ਦੁਰਜੋਧਨ ਨੂੰ ਕਹੇ ਦੇਵਾਰਾਮ ਕੈਰੋਂ ਸਭ ਜੁੜ ਆਏ ਹੈਂ ॥੨॥ ਕਬਿੱਤ ॥ ਜੋਗੀ ਜੰਗਮ ਸਿੰਨਯਾਸੀ ਬ੍ਰਹਮ ਚਾਰੀ ਦਰਵੇਸ਼ ਆਏ ਬ੍ਰਾਹਮਣ ਬਰਾਗੀਆਂ ਨੇ ਆਣ ਡੇਰਾ ਲਾਯਾ ਹੈ ॥ ਮੰਗਤੇ ਕੰਗਾਲ ਕੱਠਾ ਹੋ ਗਿਆ

ਗਹਾਲ ਫੇਰ ਪਾਂਡਵਾਂ ਨੇ ਖੂਬ ਜੋ ਭੰਡਾਰਾ ਵਰਤਾਯਾ ਹੈ ॥
ਅਰਜਨ ਸੱਦਕੇ ਖੁਵਾਈਰੋਟੀ ਰਾਜਿਆਂ ਨੂੰ ਭੁਲੇ ਦੁਰਜੋਧਨ
ਨੂੰ ਪਿਛੋਂ ਯਾਦ ਆਯਾ ਹੈ ॥ ਧੰਨ ਧੰਨ ਪਾਂਡਵਾਂ ਦੀ ਜੱਗ ਨੂੰ
ਜਹਾਨ ਕਹੇ ਰਾਜਨ ਜੁਧਿਸ਼ੂਰ ਦਾ ਤੇਜ ਜੋ ਸਵਾਯਾ ਹੈ ॥ ੩ ॥
ਦੋਹਿਰਾ ॥ ਮਾਯਾ ਰਾਖਸ ਨੇ ਰਚੀ ਉਲਟੀ ਸਭਾ ਬਣਾਇ
॥ਸੁੱਕੇਤੋਂਚਿੱਕੜਦਿਸੇਜਲਕੋਥਲਦਰਸਾਇ ॥ ੪ ॥ ਕਬਿੱਤ
॥ਗੁੱਸੇ ਹੋਕੇ ਕਹੇ ਦੁਰਜੋਧਨ ਜੋ ਕੈਰਵਾਂ ਨੂੰ ਜੋੜ ਕੇਤੇ ਰਥ
ਇਸੇ ਵੇਲੇ ਹੋਜੋਂ ਤਯਾਰ ਜੀ॥ ਅਰਜਨ ਆਨ ਬਾਰੇਂ ਫੜੀ
ਦੁਰਜੋਧਨ ਦੀ ਹੋਗਿਆ ਗੁਨਾਹ ਸਾਡੋਂ ਮਨਤੋਂ ਬਸਾਰਜੀ ॥
ਤਾਂਬੇ ਦੇ ਸਮਾਨ ਨੈਣ ਹੋਏ ਦੁਰਜੋਧਨਦੇ ਗੁੱਸੇ ਹੋਯਾ ਰਾਜਨ
ਕਰੇਂਦਾ ਮਾਰ ਮਾਰ ਜੀ ॥ ਦੇਵਾਰਾਮਰਾਜੇ ਨੇ ਬਜਾਯਾ ਕੂਚ
ਓਸੇ ਵੇਲੇ ਡਿਗਜ਼ਾ ਤਿਲਸ ਹੱਸੀ ਦ੍ਰੋਪਦਾ ਜੇਨਾਰ ਜੀ ॥ ੫ ॥
ਦੋਹਿਰਾ ॥ ਦੁਰਜੋਧਨ ਕੋ ਦੇਖਕੇ ਹੱਸੀ ਦਰੋਪਦਾ ਨਾਰ ॥
ਅੰਧੇਨੇਅੰਧਾਜਨਿਆ ਡਿਗਜ਼ਾ ਚੂਹੀ ਭਾਰ ॥ ੬ ॥ ਕਬਿੱਤ ॥
ਦ੍ਰੋਪਤੀ ਨੇ ਬੋਲੀ ਲਾਈ ਲਗਗੀ ਜਿਗਰ ਵਿੱਚ ਦੁਰਜੋਧਨ
ਦਾ ਤਨ ਹੋਗਿਆ ਭਸਮ ਜੀ ॥ ਤੁਰ ਪਏ ਕੈਰੋਂ ਨਾਲ ਗਾਈ
ਹੈ ਬਲਿੰਵ ਕੁਛ ਦੁਰਜੋਧਨ ਦੇ ਲਾਲ ਹੋ ਗਏ ਚਸ਼ਮ ਜੀ ॥
ਦ੍ਰੋਪਦਾਦੇ ਚੀਰਮੈਂਉਤਾਰੂੰਗਾ ਸਭਾਦੇ ਵਿਚ ਬੰਨ੍ਹਕੇ ਬਠਾਊਂ
ਪੰਜ ਓਸਦੇ ਖ਼ਸਮ ਜੀ ॥ ਦੇਵਾਰਾਮ ਦੇਊਂਗਾ ਦਸੌਟਾ ਸਾਰੇ
ਪਾਂਡਵਾਂ ਨੂੰ ਦੇਸਤੇ ਨਿਕਾਲ ਮੈਂ ਬਰਸ ਦੋ ਦਸੱਮ ਜੀ ॥ ੭ ॥
ਕਬਿੱਤ ॥ ਮੁੱਦਤ ਗੁਜ਼ਰ ਗਈ ਭੁਲ ਗੇ ਹਰਖ ਸਭ ਦੁਰ-

ਜੋਧਨਦੇ ਜ਼ਜਾਦਾ ਪਿਛਲਾ ਖਿਆਲ ਤਾਂ॥ ਪਾਂਡਵਾਂ ਨੂੰ ਸਦ ਕੇ ਪਿਆਰ ਨਾਲ ਏਸ ਜਗਾਂ ਇਕ ਵਾਰ ਸਾਰਪਾਸਾ ਖੇਹਲਾਂ ਉਨਾਂ ਨਾਲਤਾਂ॥ ਕਲਮ ਦਵਾਤ ਮੰਗਵਾਈ ਰਾਜੇ ਉਸੇ ਵੇਲੇ ਲਿਖਕੇ ਤਿਆਰ ਕੀਤਾ ਚਿੱਠੀ ਦਾ ਹਵਾਲ ਤਾਂ॥ ਦੇਵਾ ਰਾਮ ਖਤ ਹੈ ਫੜਾਇਆ ਚੋਬਦਾਰ ਹੱਥ ਰਾਜਨ ਜੁਧਿਸ਼੍ਰ ਨੂੰ ਦੇਈਂ ਤੂੰ ਦਖਾਲ ਤਾਂ॥ ੮॥ ਦੋਹਿਰਾ॥ ਚੋਪਦਾਰਨੇ ਜਾਇ ਕ ਕਰੀ ਪਾਦ ਪਰਣਾਮ॥ ਹੱਥ ਬੰਨ ਦੁਰਜੋਧਨ ਕਿਹਾ ਆਓ ਹਮਾਰੇ ਗਾਮ॥ ੯॥ ਕਬਿੱਤ॥ ਦਾਸ ਭਾਵਰੀਤ ਸੇ ਸੁਨਾਮਦਾ ਹੈ ਚੋਪ-ਦਾਰ ਬੇਨਤੀ ਦੇ ਨਾਲ ਦੁਰਜੋਧਨ ਬੁਲਾਉਂਦਾ॥ ਹਮਰੇ ਨਗਰ ਮੈਂ ਚਰਨ ਫੇਰੋ ਆਣ ਕੇ ਹਰਖ ਕਰੋ ਦੂਰ ਵਾਰ ਵਾਰ ਫਰਮਾਉਂਦਾ॥ ਸੁਣ ਕੇ ਹਵਾਲ ਨੂੰ ਕ੍ਰੋਧ ਸਭ ਦੂਰ ਕੀਤਾ ਰਾਜਨ ਜੁਧਿਸ਼੍ਰ ਜੋ ਰਥ ਜੁੜਵਾਉਂਦਾ॥ ਦ੍ਰੋਪਤਾ ਨੂੰ ਸਾਥ ਲੈ ਕੇ ਹਸਤਨਾ ਪੁਰੀਚ ਗਏ ਛੱਤੀ ਪਕਵਾਨ ਦੁਰਜੋਧਨ ਖੁਵਾਉਂਦਾ॥੧੦॥ ਦੋਹਿਰਾ॥ ਚੋਪਦਾਰ ਨੂੰ ਭੇਜਕੇ ਡੇਰਾਦੀਆ ਕਰਾਇ॥ ਸਕੁਨ ਦੁਸਾਸਨ ਕਰਨ ਮਿਲ ਲੀਨਾ ਮਤਾ ਪ-ਕਾਇ॥ ੧੧॥ ਡਿਉਢ॥ ਦਿਲ ਵਿਚ ਸੋਚੀ ਦੁਰਜੋਧਨ ਨੇ ਪਾਂਡਵਾਂ ਨੂੰ ਬਲਵੌਂਦੇ ਦੇਰ ਨ ਲੌਂਦੇ॥ ਸੱਦਕੇ ਆਪਣੇ ਚੋਪ-ਦਾਰ ਨੂੰ ਸਭ ਬਰਤੰਤ ਸੁਣੌਂਦੇ ਕਹਿ ਸਮਝੌਂਦੇ॥ ਉਸੇ ਬਖਤ ਬੁਲਾਕੇ ਪਾਂਡੋਂ ਪਾਸਾ ਸਾਰਬਛੌਂਦੇ ਚਿਤਪਰਚੌਂਦੇ॥ ਦੇਵਾਰਾਮ ਕੈਰਵਾਂਦੀ ਬਾਜੀ ਪਾਡੋਂ ਜਿਤ ਲੈ ਜੌਂਦੇ ਤੇ ਸਕਰ ਮਨੌਂਦੇ॥ ੧੨॥ ਦੂਜੀ ਬਾਜੀ ਫੇਰ ਲਗਾਈ ਕੈਰੋਂ ਜਿਤ ਲੈ ਜਾਵੇ

ਖ਼ੁਸ਼ੀ ਮਨਾਵੇ ॥ ਭੀਮਸੈਨ ਪ੍ਰਿਥੋਦਕ ਜਾ ਕੇ ਦੌਲਤ ਸਭ ਲੇ
ਆਵੇ ਤੇ ਆਣ ਖੁਹਾਵੇ ॥ ਕੈਰੋਂ ਜਿੱਤ ਲੈ ਜਾਂਦੇ ਬਾਜ਼ੀ ਪਾਂਡੋਂ
ਲੈਂਦੇ ਹਾਵੇ ਪੇਸ਼ ਨਾ ਜਾਵੇ ॥ ਦੇਵਾ ਰਾਮ ਧਨ ਮਾਲ ਲੁਟਾਕੇ
ਸਿਰਾਂ ਧੜਾਂਦੀ ਲਾਵੇ ਤੇ ਖੌਫ਼ ਨਾ ਖਾਵੇ ॥ ੧੩ ॥ ਦੁਰਜੋਧਨ
ਨੇ ਸੱਦ ਪਰੋਹਤ ਸੈਨ ਓਸਨੂੰ ਮਾਰੀ ਬਾਤ ਉਚਾਰੀ ॥ ਭੀਮ
ਸੈਨ ਨੂੰ ਭੇਜੋ ਏਥੋਂ ਜੇ ਬਾਜ਼ੀ ਗਈ ਹਾਰੀ ਬਨੂੰ ਖ਼ੁਆਰੀ ॥
ਭੀਮਸੈਨ ਨੂੰ ਕਹੇ ਪਰੋਹਤ ਲਜਾਈਂ ਜਲ ਦੀ ਝਾਰੀ ਤਿਰਖਾ
ਭਾਰੀ ॥ ਦੇਵਾਰਾਮ ਜਲਓਥੋਂ ਲਿਆਈਂ ਗੌਡੇ ਹੋ ਗੰਗਵਾਰੀ
ਏਹ ਬਾਤ ਹਮਾਰੀ ॥ ੧੪ ॥ ਦੋਹਿਰਾ ॥ ਤੂੰਬੀ ਲੈਕੇ ਤੁਰਪਿਆ
ਗੰਗਾ ਮੇਂ ਸੁਤ ਪੌਣ ॥ ਗੋਡਾ ਮਾਰ ਤੂੰਬੀ ਭਰੀ ਨਾਲ ਲਗਜਾ
ਨਹੌਣ ॥ ੧੫ ॥ ਡਿਊਢ ॥ ਤੀਜੀ ਬਾਜ਼ੀ ਖੇਲਨ ਲਗੇਓਹਵੀ
ਪਾਂਡਵਾਂ ਹਾਰੀ ਬਣੀ ਲਚਾਰੀ ॥ ਜਿਤ ਲਿਆ ਸਭ ਮਾਲ
ਖ਼ਜ਼ਾਨਾ ਘੋੜੇ ਫ਼ੀਲ ਅੰਮਾਰੀ ਦ੍ਰੋਪਦ ਨਾਰੀ ॥ ਬਾਰਾਂ ਬਰਸ
ਕਾ ਦੀਆ ਦਸੌਂਟਾ ਰੋਂਦੇ ਜ਼ਾਰੋ ਜ਼ਾਰੀ ਕਸ਼੍ਟ ਹੈ ਭਾਰੀ ॥ ਦੇਵਾ
ਰਾਮ ਕਰਮਾਂਕੀ ਰੇਖਾਟਲਦੀ ਨਹੀਂ ਜੋਟਾਰੀ ਲਿਖੀ ਲਿਖਾਰੀ
॥ ੧੬ ॥ ਉਸੇ ਵਖਤਦੁਰਜੋਧਨ ਰਾਜਾਖਾਸ ਕਚਹਿਰੀ ਲੌਂਦਾ
ਹੁਕਮ ਸੁਣੌਂਦਾ ॥ ਖ਼ਿਨ੍ਹ ਲਿਆਓ ਪੰਜੇ ਪਾਂਡੋਂ ਮੁਖ ਸੇਂ ਕਹਿਫ਼ਰ-
ਮੌਂਦਾ ਜੋਸ਼ ਝਲੌਂਦਾ ॥ ਜੋ ਕੋਈ ਕਰੇ ਜਵਾਬ ਆਣ ਕੇ ਵਿਚ
ਕੜਾਹੇ ਪੌਂਦਾ ਤੇਲਤਪੌਂਦਾ ॥ ਦੇਵਾਰਾਮ ਸਭ ਥਰ ਥਰਕੰਬਦੇ
ਸੌਂਹੇਂ ਕੋਈ ਨਾ ਔਂਦਾ ਜੋ ਕਹਿ ਸਮਝੌਂਦਾ ॥ ੧੭ ॥ ਕਬਿੱਤ ॥
ਮੰਤਰੀ ਨੇ ਜਾਕੇ ਮੁਖੋਂ ਆਖਿਆ ਸੁਣਾਕੇ ਹਾਲ ਸਾਰਾ ਸਮ-

ਝਾਕੇ ਤੇ ਸਤਾਬੀ ਲਏ ਤੋਰਜੀ॥ ਪਾਂਡੋਂ ਸਭ ਐਨ ਡੇਰ ਮੂਲ ਨਾ ਲਗੌਂਦਤੇ ਜਬਾਨੋਂ ਫਰਮੌਣ ਸਾਡਾਚਲਦਾਨਾ ਜੋਰ ਜੀ॥ ਰਾਜਾ ਪਾਸ ਆਏ ਸਾਥ ਦ੍ਰੋਪਤਾ ਨੂੰ ਲਜਾਏ ਪਾਂਡੋਂ ਪਕੜੀ ਬਹਾਏ ਜਜੋਂ ਸਰਪ ਫੜੇ ਮੋਰ ਜੀ॥ ਕਾਲਜੇ ਬਰਮ ਨਹੀਂ ਹੋਮਦਾ ਨਰਮ ਫੇਰ ਤਾਰਦਾ ਸਰਮ ਕਰਜ਼ਾ ਹਿਰਦਾ ਕਠੋਰ ਜੀ॥ ੧੮॥ ਦੋਹਿਰਾ॥ ਅਹਿਲਕਾਰ ਸਭ ਸੱਦਲੇ ਸੂਬੇ ਦਿਵਾਨ ਬਜੀਰ॥ਪਕੜ ਮੰਗਾਲੀ ਦ੍ਰੋਵਤਾਤਾਰੇ ਇਸਕੇ ਚੀਰ॥ ੧੯॥ ਆਨੰਦਾ ਛੰਦ॥ ਡੇਰ ਨਾ ਲਗਾਈ ਹੈ ਮੰਗਾਈ ਦ੍ਰੋਵਤਾ॥ਹਸਤਨਾਸਹਿਰ ਜਾਰ ਜਾਰਾਰੋਵਤਾ॥ ਦ੍ਰੋਵਤੀ ਦਰੋਣਾ ਪਾਸ ਹੱਥ ਬੰਨਦੀ॥ ਕੈਰੋਂ ਨੂੰ ਹਟਾਈਂ ਤੇਰਾ ਗੁਨ ਮੰਨਦੀ॥ ਦੁਰਜੋਧਨਨੂੰ ਕੋਈ ਨਾ ਹਟਾਓਂਦਾ॥ ਕਰ ਜੋ ਜਵਾਬ ਮਾਰਕੇ ਗਮਾਓਂਦਾ॥ ੨੦॥ ਓਸੇ ਵੇਲੇ ਦ੍ਰੋਪਤੀ ਹੋਈ ਉਦਾਸ ਜੀ॥ ਉਠਕੇ ਤੇ ਗਈ ਹੈ ਕਰਨ ਪਾਸ ਜੀ॥ ਦੁਰਜੋਧਨ ਨੂੰ ਤੂੰ ਹਟਾਈਂ ਜਾਇਕੇ॥ ਸਾਰਾ ਜੋ ਹਵਾਲ ਕਹੀਂ ਸਮਝਾਇਕੇ॥ ਦੁਰਜੋਧਨ ਨੂੰ ਕੋਈ ਨਾ ਹਟਾਓਂਦਾ॥ ਕਰੇ ਜੋ ਜਵਾਬਮਾਰਕੇ ਗਮਾਓਂਦਾ॥ ੨੧॥ ਭੀਸਮਪਿਤਾਮਾਂ ਦੇ ਫੜੇਚਰਨ ਜੀ॥ ਤੇਰੇ ਕੁਲ ਦੀ ਨੂੰ ਹੂੰ ਮੈਂ ਆਈਸਰਨ ਜੀ॥ ਜਾਨ ਤੇ ਮੁਕਾਓ ਮਾਰੋ ਤਲਵਾਰ ਜੀ॥ ਮੱਤ ਮੇਰੇ ਕਪੜੇ ਸਭਾ ਮੈਂ ਤਾਰ ਜੀ॥ ਭੀਸਮਪਿਤਾਮਾਂਮੁਖ ਸੇ ਸੁਨਾਓਂਦਾ॥ ਕਰੇ ਜੋ ਜਵਾਬਮਾਰਕੇ ਗਮਾਓਂਦਾ॥ ੨੨॥ ਦੁਰਜੋਧਨਦੇਪਾਸਨੌਂ ਨਆਖਦਾ॥ ਓਦੇ ਗ੍ਰਿਫਦਾਰ ਨੂੰ ਕੋਈ ਨਾ ਰਾਖਦਾ॥ ਓਹਾਂ ਨੇ ਨਰਾਸ ਹੋਲੀ

ਦਰੋਵਤੀ ॥ ਆਵੇ ਨਾਉਸਾਸ ਜਾਰਜਾਰ ਰੋਵਤੀ ॥ ਬਡਾਬਈ ਮਾਨਨਾਤਰਸਆਉਂਦਾ ॥ ਕਰੇ ਜੋ ਜਵਾਬ ਮਾਰਕੇ ਗਮਾਉਂਦਾ ॥ ੨੩ ॥ ਗੰਧਾਰੀ ਪਾਸ ਦ੍ਰੋਵਤੀ ਛਿਗੀ ਚਪਾਲ ਜੀ ॥ ਹੋ ਗਈ ਬੇਹੋਸ਼ ਸੁਧ ਨਾ ਸਮਾਲ ਜੀ ॥ ਜੁੜ ਕੇ ਤੇ ਆਯਾ ਸਭ ਰਣਬਾਸ ਜੀ ॥ ਧੀਰਜ ਬਨੌਂਣ ਹੋਈ ਕਿਉਂ ਉਦਾਸ ਜੀ ॥ ਕਰਮਾ ਕੀ ਰੇਖ ਨੂੰ ਨਾ ਕੋ ਮਟਾਉਂਦਾ ॥ ਕਰੇ ਜੋ ਜਵਾਬ ਮਾਰਕੇ ਗਮਾਉਂਦਾ ॥ ੨੪ ॥ ਬੋਲੇ ਦੁਰਜੋਧਨ ਜਿਵੇਂ ਗੱਜੇ ਛੇਰਜੀ ॥ ਦ੍ਰੋਵਤੀ ਨੂੰ ਲਿਆਓ ਕਿਉਂ ਲਗਾਈ ਡੇਰਜੀ॥ ਹਿਰਦਾਕਠੋਰ ਨਾ ਕਰੇ ਦਰੱਦਜੀ ॥ ਦ੍ਰੋਵਤੀ ਦੀ ਬੋਲੀ ਕਾਲਜੇ ਕਰੱਦ ਜੀ ॥ ਭਰੀ ਸਭਾ ਵਿਚ ਕਪੜੇ ਲਹਾਉਂਦਾ ॥ ਕਰੇ ਜੋ ਜਵਾਬ ਮਾਰਕੇ ਗਮਾਉਂਦਾ ॥ ੨੫ ॥ ਦੋਹਿਰਾ ॥ ਖੜੀ ਸਭਾ ਮੈਂ ਦ੍ਰੋਵਤੀ ਨੈਣੀ ਬਗਦਾ ਨੀਰ॥ ਹੁਕਮ ਦੁਸਾਸਨ ਕੋਦੀਆ ਉਤਾਰੋ ਇਸ ਕੇ ਚੀਰ ॥ ੨੬ ॥ ਦੋਹਿਰਾ ॥ ਦੇਖੀ ਖੜੀ ਦਰੋਵਤੀ ਭੀਮਸੈਨ ਬਲਵੀਰ ॥ ਕੈਰੋਂ ਬਡੇ ਨਲੱਜੇ ਹੈਂ ਅਬ ਤਾਰੇਂਗੇ ਚੀਰ ॥ ੨੭ ॥ ਆਨੰਦਾ ਛੰਦ ॥ ਦੇਖ ਭੀਮਸੈਨ ਨੈਣ ਭਰ ਰੋਵਤਾ ॥ ਕਰਕੇ ਜੁਧ ਮੈਂ ਛੁਡਾਲੂੰ ਦਰੋਵਤਾ ॥ ਰਾਜਨ ਜੁਧਿਸ਼ਟ੍ਰ ਤੋਂ ਆਗਜਾ ਮੰਗਦਾ ॥ ਕਰਦਾ ਜੁਵਾਬ ਨਹੀਂ ਮੂਲ ਸੰਗਦਾ ॥ ਜੁਧ ਵਿਚ ਦੇਖ ਲੀ ਤੂੰ ਮੇਰੇ ਲੱਟਕੇ ॥ ਸਾਰਿਆਂ ਦੇਸਿਰਮੈਂ ਲਿਆਊਂ ਕੱਟਕੇ ॥੨੮॥ ਨੈਣ ਹੋਏ ਲਾਲ ਜਾਰ ਜਾਰ ਰੋਂਮਦਾ ॥ ਹਟੇ ਨਾ ਹਟਾਯਾ ਤੇ ਸਵਾਯਾ ਹੋਂਮਦਾ ॥ ਇਕ ਵਾਰ ਮੇਰੇ ਕੋ ਹੁਕਮ ਦੀਜੀਏ ॥

ਜੁੱਧ ਵਿਚ ਹੱਥ ਮੇਰੇ ਦੇਖ ਲੀਜੀਏ ॥ ਧੋਬੀ ਕੱਪੜੇ ਨੂੰ ਪਟੜੇ ਤੇ ਪਟਕੇ॥ ਸਾਰਿਆਂਦੇਸਿਰਮੈਂਲਿਆਊਂਕੱਟਕੇ॥੨੯॥ਚਾਰਜ ਦਰੋਣਦਾ ਮੈਂ ਸਿਰ ਬੱਦਿਆ॥ ਦੁਰਜੋਧਨ ਨੂੰ ਜ਼ਿਮੀਂ ਵਿਚ ਗੱਡਿਆ॥ ਏਸੇ ਵੇਲੇ ਕਰਨ ਨੂੰ ਮਕਾਮਾਂ ਜਾਨ ਤੇ ॥ ਦੇਈਂ ਤੂੰ ਕਮ ਅਪਣੀ ਜ਼ੁਬਾਨ ਤੇ ॥ ਮਾਰਾਂ ਮੈਂ ਦੁਸਾਸਨ ਦੇ ਮੁੱਕਾ ਵੱਟਕੇ ॥ ਸਾਰਿਆਂ ਦੇ ਸਿਰ ਮੈਂ ਲਿਆਊਂ ਕੱਟਕੇ ॥ ੩੦॥ ਦੁਰਜੋਧਨ ਦੇ ਜਾਕੇ ਮਾਰਾਂ ਲੱਤ ਜੀ ॥ ਤਿਪ ਤਿਪ ਚੋਵੇ ਨੇਤਰਾਂ ਤੋਂ ਰੱਤ ਜੀ ॥ ਕ੍ਰੋਧ ਬਸ ਹੋਯਾ ਨਾਂ ਕਰੇ ਬਚਾਰਜੀ॥ ਉਠਕੇਤੁਰਤਚੱਕਲੇਹੱਥਜਾਰ ਜੀ ॥ ਇਕ ਛਿਨ ਵਿਚ ਕੈਰਵਾਂ ਨੂੰ ਫੱਟਕੇ ॥ ਸਾਰਿਆਂ ਦੇ ਸਿਰ ਮੈਂ ਲਿਆਊਂ ੱਟਕੇ ॥੩੧॥ ਧਰਮ ਪੁਤਰ ਮੂੰਹੋਂ ਕਹੇ ਬੋਲਕੇ॥ ਧਰਮ ਸਨਾਤਨਦੀ ਨੀਤ ਫੋਲ ਕੇ ॥ ਆਪਨਾ ਕਰੋਧ ਮਨ ਮੈਂ ਨਾ ਮਾਰੀਏ ॥ ਕਰਕੇ ਜ਼ੁਬਾਨ ਨਹੀਂ ਮੂਲ ਹਾਰੀਏ ॥ ਮਾਰ ਤੂੰ ਹਰਖ ਬੈਠ ਜਾਈਂ ਹੱਟਕੇ ॥ ਸਾਰਿਆਂ ਦੇ ਸਿਰ ਮੈਂ ਲਿਆਊਂ ਕੱਟਕੇ ॥ ੩੨ ॥

ਸ੍ਵੈਯਾ ॥ ਭੀਮ ਜੁਧਿਸ਼ੂਰ ਕੋ ਆਖਦਾ ਦ੍ਰੋਪਦਾ ਪੁਤਰੀ ਦੇ ਜੋ ਚੀਰ ਲਹੇਂਗੇ॥ ਅਪਨੇ ਜੀਉਂਦਿਆਂ ਚੀਰਕੋ ਤਾਰਦਾ ਪਾਂਡੋਂ ਬਲੀ ਜੱਗ ਕੌਨ ਕਹੇਂਗੇ ॥ ਹਾਰਗਏ ਬਾਜੀ ਬੰਨਲਏ ਪਾਂਡੋਂ ਦ੍ਵਾਦਸ ਬਰਸ ਦਸੌਂਟ ਰਹੇਂਗੇ ॥ ਕੈਰੋਂ ਕੇ ਸਾਥ ਕਰੂੰ ਜੁਧ ਮੈਂ ਦੇਵਾਰਾਮ ਕਹੇ ਨਹੀਂ ਫੇਰ ਦਹੇਂਗੇ॥ ੩੩ ॥

ਸ੍ਵੈਯਾ ॥ ਰਾਜਾ ਜੁਧਿਸ਼ੂਰ ਆਖਦਾ ਭੀਮ ਕੋ ਬਾਤ ਸੁਣੀ ਮੇਰੀ ਕਾਨ ਲਗਾਕੇ ॥ ਹੋਣੀ ਅਤੀ ਬਲਵਾਨ ਕਹਾਵਤ ਰਾਵਣ ਮਾਰਿਆ

ਛਿਨ ਮੈਂ ਜਾਕੇ ॥ ਨੀਚ ਘਰੀਂ ਹਰੀਚੰਦ ਭਰਜਾ ਪਾਣੀ ਕੰਸ ਮਰਜਾ ਧਰਨੀ ਪਟਕਾਕੇ ॥ ਹੋਣੀ ਰਾਮ ਕੋ ਹੈ ਬਾਨੋ ਵਾਸ ਦੀਆਦੇਵਾਰਾਮਕਹਿਪਾਂਡੋਂਰਾਇਸੁਣਾਕੇ ॥ ੩੪॥ ਦੋਹਿਰਾ॥ ਕਹੇ ਜੁਧਿਸ਼ਰ ਭੀਮ ਕੋ ਸੁਣੀ ਬਾਤ ਧਰ ਧਜਾਨ ॥ ਮਿਟੇ ਨਾ ਰੇਖਾ ਕਰਮ ਕੀ ਹੋਣੀ ਅਤੀ ਬਲਵਾਨ ॥ ੩੫ ॥ ਧ੍ਰਿਤਰਾਸ਼ੂਰ ਕੋ ਆਖਦੇ ਪੁੱਤਰ ਨੂੰ ਸਮਝਾਇ ॥ ਤੇਰਾ ਕਹਿਣਾ ਮੰਨ ਲੇਹੋਰ ਨਾਓਥੇਜਾਇ ॥ ੩੬ ॥ ਧ੍ਰਿਤਰਾਸ਼ੂਰ ਨੇ ਆਖਿਆ ਥਰ ਥਰ ਕੰਬੇਗਾਤ ॥ ਇਹ ਇੱਜਤਹੈ ਆਪਕੀ ਸੁਣੀ ਪੁੱਤਰ ਤੂੰ ਬਾਤ ॥ ੩੭ ॥ ਸੋਰਠਾ ॥ ਦੂਰਜੋਧਨ ਸਮਝਾਇ ਕਹੇ ਪਿਤਾ ਨੂੰ ਬਾਤ ਤਬ ॥ ਉਠ ਸਤਾਬੀ ਜਾਇ ਐਸੀ ਬਾਤ ਨ ਆਖੀਓ ॥ ੩੮ ॥ ਲਲਤਪਦਾਛੰਦ ॥ ਕਹਿਤ ਬਚਨਦ੍ਰੋਪਦ ਭਨ ਆਪ ਸੁਨ ਤੁਮ ਮਨ ਅਬਲਾਕਾਰ ॥ ਤਜ ਤੁਮ ਹਰਖ ਕਰਤ ਬਰਲਾਪ ਦੂਰਜੋਧਨ ਕੁ ਕਹਿਤ ਸੁਨਾ ਕਰ ॥ ਹੱਥ ਬੰਨ ਖੜਾ ਕਰ ਕਹਿ ਜਸ ਜਾਪ ਤੁਮ ਅਬ ਖੜਗ ਚਲਾ ਕਰ ॥ ਮਮ ਤਨ ਕਟਤ ਲਗਤ ਨਹਿ ਪਾਪ ਤਬ ਅਬ ਜਸ ਬਸਤ ਰਲਾਕਰ ॥ ੩੯ ॥ ਡਿਓਢੀ ਚੌਪਾਈ ॥ ਦੂਰਜੋਧਨਆਖਸੁਣਾਵੇ ॥ ਦੋਸਾਸਨਕੋ ਸਮਝਾਵੇ ॥ ਓਮਨਮੈ ਖੌਫ ਨਾ ਖਾਵੇ॥ਫਿਰ ਕਰੜਾਹੁਕਮਝੜਾਵੇ ਡੇਰ ਨਾ ਲਾਮਦਾ॥ ਮੁਖੋਂ ਕਹੇ ਦਰੋਪਦਾ ਰਾਨੀ ॥ ਮੇਰੀਆਣ ਇੱਜਤਨਾ ਜਾਨੀ ॥ ਕੀਆ, ਅਬ ਜਸ ਦੋਹੀਂ ਜ਼ਹਾਨੀ ॥ ਤੂੰ ਕਿਉਂ ਕਰਦਾ ਬੇਈ-ਮਾਨੀ ਚੀਰ ਲਹਾਂਮਦਾ॥ ਓਨੇ ਬਾਤ ਮੰਨੀ ਨਾ ਕੋਈ॥ ਕਰੀ

ਸੌ ਸੌ ਵਾਰ ਅਰਜੋਈ ॥ ਤੁਸੀਂ ਨਾ ਲਾਹੋ ਮੇਰੀ ਲੋਈ ॥ ਮੈਂ ਅੰਧ ਕੋ ਅੰਧ ਹਾਂ ਸੋਈ ਤਰਸ ਨਾ ਆਂਮਦਾ ॥ ਤੁਮ ਮੱਤ ਮੇਰੇ ਚੀਰ ਉਤਾਰੋ ॥ ਮੇਰੇ ਖੜਗ ਸੀਸ ਮੈ ਮਾਰੋ ॥ ਏ ਹਠ ਅਪਨੇ ਕੋ ਹਾਰੋ ॥ ਧੜ ਕਰੋ ਸੀਸ ਸੇ ਨਜਾਰੋ ਤੂੰ ਕਿਉਂ ਨੀਮ ਕਾਮਦਾ ॥ ੪੦ ॥ ਆਨੰਦਾ ਂਦ ॥ ਦ੍ਰੋਪਤੀ ਦੁਸਾਸਨ ਨੇ ਆਣ ਪਕੜੀ ॥ ਗੁਤਨੀ ਮਰੋੜੇ ਤੋੜੇ ਜਿਮੇ ਲਕੜੀ ॥ ਹਾਇ ਹਾਇ ਦ੍ਰੋਵਤੀ ਪੁਕਾਰ ਕਰਦੀ ॥ ਬਿਨਾ ਭਗਵਾਨ ਨਹੀਂ ਕੋਈ ਦਰ-ਦੀ ॥ ਛੇਤੀ ਸੁਧ ਲੀਜੀਏ ਨਾ ਲਾਓ ਦੇਰਜੀ ॥ ਦੁਖਨੂੰ ਮਟਾਓ ਕਿਉਂ ਲਗਾਈ ਡੇਰ ਜੀ ॥ ੪੧ ॥ ਸੰਖਾਸੁਰ ਵੇਦ ਲੈ ਗਿਆ ਚੁਰਾਇ ਕੇ ॥ ਮੱਛ ਰੂਪ ਧਾਰ ਮਾਰਿਆ ਮੁਕਾਇ ਕੇ ॥ ਗਜ ਕੀ ਸਹੈਤਾ ਤੁਸੀਂ ਕਰੀ ਜਲ ਮੈਂ ॥ ਭਗਤ ਛੁਡਾਯਾ ਪ੍ਰਲਾਦ ਤਲ ਮੈਂ ॥ ਪ੍ਰਲਾਦ ਪਿਛੈ ਬਨ ਆਯਾ ਸ਼ੇਰ ਜੀ ॥ ਦੁਖ ਨੂੰ ਮਟਾਓ ਕਿਓਂ ਲਗਾਈ ਡੇਰਜੀ ॥੪੨॥ ਮਾਰਜਾ ਹਰਨਾਖਸ ਨੂੰ ਦੇਲੀਜ ਅੰਦਰ ॥ ਛੰਨ ਤੋਂ ਸੁਧਾਮਾ ਦੇ ਬਨਾਏ ਮੰਦਰ ॥ ਭੀਲਨੀ ਦੇ ਬੇਰ ਜੂਠੇ ਖਾਏ ਆਪ ਜੀ ॥ ਗਨਕਾ ਨੂੰ ਤਾਰਜਾ ਕਰੇਂਦੀ ਪਾਪਜੀ ॥ ਦੇਵਤੇ ਛੁਡਾਏ ਮਾਰਜਾ ਦੈਸੇਰ ਜੀ ॥ ਦੁਖ ਨੂੰ ਮਟਾਓ ਕਿਉਂ ਲਗਾਈ ਡੇਰਜੀ॥੪੩॥ ਜੱਗ ਪਿੱਛੇ ਇੱਜਤ ਰਖੀ ਕਮੀਰ ਦੀ॥ ਤਿਵੇਂ ਮੇਰੀ ਰੱਖੀਂ ਲੱਜ ਸ਼ਰੀਰ ਦੀ ॥ ਮੁਰਾਰੀ ਗਿਰਧਾਰੀ ਧਨਸਧਾਰੀ ਆਖਦੇ ॥ ਬਿਹਾਰੀ ਤੇਰੇ ਨਾਮ ਵੰਸੀਵਾਰਾ ਭਾਖਦੇ ॥ ਗਊ ਆਣ ਸਿੰਘ ਨੇ ਲਈ ਹੈ ਘੇਰ ਜੀ ॥ ਦੁਖ ਨੂੰ ਮਟਾਓ ਕਿਉਂ ਲਗਾਈ ਡੇਰ ਜੀ ॥

੪੪ ॥ ਰੁਕਮਣੀ ਸਾਥ ਪ੍ਰਭੂ ਪਾਸਾ ਖੇਲਦੇ ॥ ਕੱਲੀ ਜੋਨਰਦ
ਜੋੜੇ ਨਾਲ ਮੇਲਦੇ ॥ ਸਿੱਟਕੇ ਤੇ ਡਾਲਣੇ ਕਿਹਾ ਅਨੰਤ ਜੀ
॥ ਰੁਕਮਣੀ ਕਹੇ ਏਹ ਕੀ ਦਾਉ ਕੰਤਜੀ ॥ ਦ੍ਰੋਪਤੀ ਨੇ ਊਚੀ
ਹੈ ਸੁਣਾਈ ਟੇਰ ਜੀ ॥ ਦੁਖ ਨੂੰ ਮਟਾਓ ਕਿਉਂ ਲਗਾਈ ਦੇਰ
ਜੀ ॥ ੪੫ ॥ ਰੁਕਮਣੀ ਕਹੇ ਕਿਉਂ ਨਹੀਂ ਦਾਓ ਦੱਸਦੇ ॥
ਬੋਲਕੇ ਅਨੰਤ ਖਿੱਲ ਖਿੱਲ ਹੱਸਦੇ ॥ ਦ੍ਰੋਪਤੀ ਦੇ ਕੈਰੋਂ ਕੱਪੜੇ
ਲਹਾਉਂਦੇ ॥ ਬੋਲਕੇ ਅਨੰਤ ਚੀਰ ਹਾਂ ਬਧਾਉਂਦੇ ॥ ਸੁਣੀਓ
ਅਰਜ ਦਿਲਕੇ ਦਲੇਰ ਜੀ ॥ ਦੁਖਨੂੰ ਮਟਾਓ ਕਿਉਂ ਲਗਾਈ
ਡੇਰ ਜੀ ॥ ੪੬ ॥ ਦੋਹਰਾ ॥ ਬੀਚ ਸਭਾ ਦੇ ਦ੍ਰੋਪਤਾਫੜੀ
ਦੁਸਾਸਨ ਆਨ ॥ ਸਭ ਨੇ ਮੁਖ ਨੀਵੇਂ ਕਰੇ ਭਜੇਂ ਕ੍ਰਿਸ਼ਨ
ਭਗਵਾਨ ॥ ੪੭ ॥ ਅਨੰਦਾ ਛੰਦ ॥ ਨੇਤਰਾਂ ਨੂੰ ਮੀਟਕੇ ਧਰੇ
ਧਿਆਨ ਜੀ ॥ ਵੰਸੀਵਾਰਾ ਮੈਨੂੰ ਮਿਲੇ ਭਗਵਾਨ ਜੀ ॥ ਬੱਡਾ
ਤੂੰ ਬੇਅੰਤ ਧੰਨ ਤੇਰੀ ਮਾਇਆ ॥ ਸੰਖ ਚੱਕ੍ਰ ਗਦਾਧਾਰ ਤੁਰਤ
ਆਇਆ ॥ ਸੰਤ ਭਗਤ ਹੈਂ ਮੇਹਰ ਮੰਗਦੇ ॥ ਪੀਲੇ ਪਜ਼ਾਜੀ
ਸਰਵਭੀ ਸੁਨੈਹਰੀ ਰੰਗਦੇ ॥ ੪੮ ॥ ਫੜਕੇ ਦੁਸਾਸਨ ਲੀੜੇ
ਉਤਾਰਦਾ ॥ ਪੰਜ ਸਤ ਲਾਹਿਕੇ ਜ਼ਿਮੀਂ ਤੇ ਡਾਰਦਾ ॥ ਓਸੇ
ਵੇਲੇ ਚੀਰਦਾ ਹੋਯਾ ਬਧੰਤ ਜੀ ॥ ਥਕਿਆ ਦੁਸਾਸਨ ਨਆਵੇ
ਅੰਤ ਜੀ ॥ ਲਗੇ ਪੰਜ ਚਾਰ ਨਹੀਂ ਮੂਲ ਸੰਗਦੇ ॥ ਪੀਲੇ
ਪਜ਼ਾਜੀ ਸਰਵਤੀ ਸੁਨੈਹਰੀ ਰੰਗਦੇ ॥ ੪੯ ॥ ਸੋਸਨੀ ਸੰਧੂਰੀ
ਔਰ ਗੁਲਾਨਾਰ ਜੀ ॥ ਕਾਸਨੀ ਕਪੂਰੀ ਰੰਗ ਹੈ ਅਪਾਰਜੀ ॥
ਕੇਸਰੀ ਕਪਾਸੀ ਨਹੀਂ ਕੁਛ ਮੇਜ ਹੈ ॥ ਵੈਗਣੀ ਬਸੰਤੀ ਜੋ

ਬਹੁਤ ਤੇਜ ਹੈ॥ ਉਤਰੇ ਨ ਚੀਰ ਰੰਗ ਤੇ ਬਰੰਗ ਦੇ॥ ਪੀਲੇ ਪਜਾਜੀ ਸਰਬਤੀ ਸੁਨੈਹਰੀ ਰੰਗਦੇ॥੫੦॥ਦਸ ਬੀਸ ਉਠਕੇ ਲੱਗੇ ਉਤਾਰਨੇ॥ ਦੁਸਾਸਨ ਦਰੋਵਤੀ ਨੂੰ ਆਵੇ ਮਾਰਨੇ॥ ਕੁੜਤੀਆਂ ਦਪੱਟਿਆਂ ਦਾ ਢੇਰ ਲਾਂਮਦੇ ॥ ਲੈਂਦਗੇ ਔਰ ਸੁ-ਥਣਾਂ ਨਜਾਰੇ ਰਖਾਂਮਦੇ ॥ ਦ੍ਰੋਪਤੀ ਖੜੀਐ ਭਾਰ ਇਕ ਟੰਗਦੇ॥ ਪੀਲੇਪਜਾਜੀ ਸਰਵਤੀ ਸਨੈਹਰੀ ਰੰਗਦੇ ॥ ੫੧॥ ਲਾਹਿ ਲਾਹਿ ਲੀੜਿਆਂ ਨੂੰ ਥੱਕ ਜਾਮਦੇ ॥ ਬ੍ਰਤ ਗਈ ਸੱ-ਤਿਆ ਮੁਖੋਂ ਸੁਣਾਮਦੇ॥ ਆਪਣਾ ਲਗਾਕੇ ਜੋਰ ਬੈ ਹਾਰਫੇ॥ ਉਤਰੇ ਚੀਰ ਅਪਰੰ ਅਪਾਰ ਕੇ ॥ ਕੱਪੜੇ ਉਤਾਰ ਦੇ ਸਰਬ ਅੰਗ ਦੇ॥ ਪੀਲੇ ਪਜਾਜੀਸਰਵਤੀ ਸੁਨੈਹਰੀ ਰੰਗਦੇ॥ ੫੨ ॥

ਕਾਫੀ॥ ਭੀਮਕਹੇ ਗਲ ਸੁਣ ਦੁਰਜੋਧਨ ਕਰਲੈਅਬਲੜਾਈ ਤੂੰ॥ ਭਰੀ ਸਭਾ ਮੈਂ ਚੀਰ ਉਤਾਰੇਂ ਸਾਡੀ ਦੇਖ ਸਮਾਈ ਤੂੰ॥ ਜੋੜ੍ਹੀ ਨਹੀਂ ਕਰੀ ਸੋ ਕੀਤੀ ਹੁਣ ਹੈ ਕੈਸਾ ਭਾਈ ਤੂੰ॥ ਜੁੱਧ ਮੱਲ ਜੇ ਮਰਦ ਸੂਰਮਾਂ ਨਹੀਂ ਬਣ ਬੈਠ ਲੁਗਾਈ ੂ॥੫੩॥ ਸੁਣ ਕੇ ਬਚਨ ਕਹੇ ਦੁਰਜੋਧਨ ਮੰਨ ਲੈ ਵਾਕ ਹਮਾਰਾ ਤੂੰ॥ ਬਾਰਾਂ ਬਰਸ ਕਾ ਦੀਆ ਦਸੌਂਟਾ ਪੂਰਾ ਕਰਲੈ ਸਾਰਾ ਤੂੰ॥ ਕੱਟ ਦਸੌਂਟਾ ਜੁੱਧਕਰੀਂ ਨਾ ਬੋਲਜਬਾ ਂ ਖਾਰਾਤੂੰ॥ ਦੇਵਾਰਾਮ ਜੇਸਜਾਣ ਲਮਾ ਕੱਟ ਦ੍ਵਾਦਸ ਬਰਸ ਦੁਵਾਰਾ ਤੂੰ॥ ੫੪ ॥ ਓਸੇ ਵਖਤ ਤਿਆਰੀ ਕੀਤੀ ਪਾਂਡੋਂ ਕੂਚ ਬਜਾਯਾ ਹੈ॥ ਕੈਰੋਂ ਤੁਰਦੇ ਮਨ ਵਿਚ ਝੁਰਦੇ ਤੁਰਤ ਬਰੂਪ ਬਣਾਯਾ ਹੈ॥ ਪੰਜੇ ਪਾਂਡੋਂ ਸੰਗ ਦਰੋਪਦ ਬਨ ਮੈਂ ਆਸਣ ਲਾਯਾ ਹੈ॥ ਦੇਖੇਦੀਨ਼

ਦੁਖੀ ਈਸਵਰ ਨੇ ਗਣ ਕਾ ਪੁੰਜ ਬੁਲਾਯਾ ਹੈ॥ ਪਾਂਡੋਂ ਕੀ ਜਾ ਕਰੋ ਸਹਾਈ ਕਹਿਰ ਦਸੌਂਟਾ ਪਾਯਾ ਹੈ॥ ਦੁਰਜੋਧਨ ਟੋਲਨ ਦੀ ਖਾਤਰ ਬਰਸ ਤੇਰਮੇਂ ਆਯਾ ਹੈ॥ ਆਣ ਗਣਾਂਨੇ ਰੋਕ ਲਿਆ ਪ ਭਾਰੀ ਜੁੱਧ ਮਚਾਯਾ ਹੈ॥ ਦੁਰਜੋਧਨ ਨੂੰ ਮਾਰਨ ਲੱਗੇ ਪਾਂਡੋਂ ਰਾਇ ਛੁਡਾਯਾ ਹੈ॥ ਬਾਰਾਂ ਬਰਸ ਕਾ ਫੇਰ ਦਸੌਂਟਾ ਦੂਜੀ ਵਾਰ ਸੁਨਾਯਾ ਹੈ॥ ਦੇਵਾਰਾਮ ਜੁਧਿਸ਼੍ਰ ਰਾਜਾ ਸੁਣ ਮਨਮੇਂ ਪਛਤਾਯਾ ਹੈ॥੫੫॥ ਦੂਜੀ ਵਾਰ ਦਸੌਂਟਾ ਸੁਣਕੇ ਸਭ ਪਾਂਡੋ ਪਛਤਾਂਦ ਹੈਂ॥ ਚੱਕ ਕੇ ਅਪਣਾ ਡੰਡ ਕਮੰਡਲ ਬ੍ਰਨ ਵੱਲੀਂ ਕੋ ਜਾਂਦੇ ਹੈਂ॥ ਭੋਜਨ ਤਜਾਗ ਦੀਏ ਸਭ ਮੇਵੇ ਕੰਦ ਮੂਲ ਫਲ ਖਾਂਦੇ ਹੈਂ॥ ਦੇਵਾਰਾਮ ਮਹਾਂ ਭਾਰਥ ਵਾਰਿਧ ਭੂਲ ਚੂਕ ਬਖਸਾਂਦੇ ਹੈਂ॥੫੬॥ ਦੋਹਿਰਾ॥ ਆਤਮਖੰਡ ਮਲਾਇ ਕੇ ਤੱਤ ਵੇਦ ਮਨ ਧਾਰ॥ ਚੇਤ ਚਾਨਣੀ ਦੂਜ ਕੋ ਛੀਮੇਂ ਦਿਨ ਭਈ ਤਜਾਰ॥੫੭॥ ਕਬਿੱਤ॥ ਘਗੇ ਵਿਚ ਕਵੀ ਭਰਪੂਰ ਚੰਦ ਬੁੱਧਮਾਨ ਕਰਦਾ ਕਵੀਸਰੀ ਮੜਕ ਦਾਰ ਛੰਦ ਹੈ॥ ਪਿੰਗਲ ਪੜ੍ਹਾਯਾ ਮੈਨੂੰ ਬਹੁਤ ਪਰੇਮ ਨਾਲ ਗੁਰੂ ਮੇਰਾ ਘਗੇ ਵਿਚ ਭਰਪੂਰ ਚੰਦ ਹੈ॥ ਭਰਪੂਰ ਚੰਦ ਹੈ ਸਕਲ ਜੋ ਅਕਲ ਵੰਦ ਕੁੰਦਨ ਦਮੱਕ ਅੰਗ ਅੰਗ ਨੰਦ ਬੰਦ ਹੈ॥ ਕਹੇ ਦੇਵਾਰਾਮ ਐਸੇ ਗੁਰੂਆਂ ਮਹਾਤਮਾਂ ਦੇ ਦਰਸਨ ਕਰੇ ਚਿਤ ਹੋਂਮਦਾ ਅਨੰਦ ਹੈ॥੫੮॥

ਸੁਭ ਸਮਾਪਤੰ ਰਾਮ ਰਾਮ ਰਾਮ

ਸੰਨ ਨਾ: ੪੪੧ ਸੰਨ ੧੯੧੦

॥ ਕਬਿੱਤ ॥ ਮੋਦਨ ਮਹਾਜਨ ਨਿਵਾਸ ਕਰੇ ਨਾਭੇ ਵਿਚ ਤਾਜਰ ਕੁਤਬ ਜੀਨੂੰ ਜਾਣਦਾ ਜਹਾਨ ਜੀ ॥ ਦੋਵਤੀ ਛਪਾਈ ਬੜਾ ਸੁੰਦਰ ਅਜੈਵ ਟੈਪ ਕੁਤਵਾਲੀ ਪਾਸ ਜਾਕੇ ਪੁਛਣੀ ਦੁਕਾਨ ਜੀ ॥ ਰਯਾਸਤ ਪਟਿਆਲਾ ਠਾਣਾਂ ਲਗਦਾ ਸੁਨਾਮ ਵਿਚ ਕਵੀਦੇਵਾਰਾਮ ਦਾ ਜਮੰਧੀ ਹੈਂ ਮਕਾਨਜੀ ॥ ਜਾਓ ਓਧੇ ਪਾਸ ਪੋਥੀ ਲੈਣ ਦੀ ਜਰੂਰ ਹੋਵੇ ਕੋਈ ਪੋਥੀ ਮੰਗੋ ਸੋਈ ਧਰੂੰ ਅੱਗੇ ਆਨ ਜੀ ॥ ੫੯ ॥

ਸੰਨ ਨਾ: ੪੫੭ ਸੰਨ ਬਿ: ੧੯੮੭

ਇਸ਼ਤਿਹਾਰ